World Punjabi News Network
WORLD PUNJABI NEWS ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਗੰਭੀਰ ਚੱਕਰਵਾਤੀ ਤੂਫਾਨ ਵਿੱਚ ਤਬਦੀਲ ਹੋ ਸਕਦਾ ਹੈ 'ਯਾਸ', ਬੰਗਾਲ-ਉੜੀਸਾ 'ਚ ਮਚਾ ਸਕਦੈ ਤਬਾਹੀ



**ਨਵੀਂ ਦਿੱਲੀ।** : ਪੂਰਬੀ ਮੱਧ ਬੰਗਾਲ ਦੀ ਖਾੜੀ ਦੇ ਉੱਪਰ ਸ਼ਨੀਵਾਰ ਨੂੰ ਘੱਟ ਦਬਾਅ ਵਾਲਾ ਖੇਤਰ ਇੱਕ ਗੰਭੀਰ ਚੱਕਰਵਾਤੀ ਤੂਫਾਨ ਵਿੱਚ ਤਬਦੀਲ ਹੋ ਸਕਦਾ ਹੈ ਅਤੇ 26 ਮਈ ਨੂੰ ਇਹ ਪੱਛਮੀ ਬੰਗਾਲ, ਉੜੀਸਾ ਦੇ ਉੱਤਰੀ ਖੇਤਰ ਅਤੇ ਬੰਗਲਾਦੇਸ਼ ਦੇ ਤੱਟ ਵੱਲ ਸਕਦਾ ਹੈ। ਇਹ ਜਾਣਕਾਰੀ ਖੇਤਰੀ ਮੌਸਮ ਵਿਭਾਗ ਨੇ ਦਿੱਤੀ ਹੈ ।ਖੇਤਰੀ ਮੌਸਮ ਵਿਭਾਗ ਦੇ ਡਾਇਰੈਕਟਰ ਜੀ. ਕੇ. ਦਾਸ ਨੇ ਕਿਹਾ ਕਿ 26 ਮਈ ਦੀ ਸ਼ਾਮ ਤੱਕ ਇਹ ਤੂਫਾਨ ਦੋਵਾਂ ਰਾਜਾਂ ਅਤੇ ਗੁਆਂਢੀ ਦੇਸ਼ਾਂ ਦੇ ਤੱਟਾਂ ਨੂੰ ਪਾਰ ਕਰ ਸਕਦਾ ਹੈ ।ਉਨ੍ਹਾਂ ਕਿਹਾ ਕਿ ਇਸ ਦੌਰਾਨ ਪੱਛਮੀ ਬੰਗਾਲ, ਉੜੀਸਾ ਦੇ ਉੱਤਰੀ ਹਿੱਸਿਆਂ ਅਤੇ ਬੰਗਲਾਦੇਸ਼ ਦੇ ਤੱਟ 'ਤੇ 26 ਮਈ ਦੀ ਦੁਪਹਿਰ ਹਵਾ ਦੀ ਗਤੀ 90 ਤੋਂ 100 ਕਿਲੋਮੀਟਰ ਪ੍ਰਤੀ ਘੰਟਾ ਦੇ ਵਿਚਕਾਰ ਰਹਿ ਸਕਦੀ ਹੈ।

ਰੱਖਿਆ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਭਾਰਤੀ ਜਲ ਸੈਨਾ ਨੇ ਆਪਣੇ ਸਮੁੰਦਰੀ ਜਹਾਜ਼ਾਂ ਅਤੇ ਜਹਾਜ਼ਾਂ ਨੂੰ ਤਿਆਰ ਰੱਖਿਆ ਹੋਇਆ ਹੈ ਤਾਂ ਜੋ ਪ੍ਰਭਾਵਿਤ ਇਲਾਕਿਆਂ ਨੂੰ ਸਹਾਇਤਾ ਦਿੱਤੀ ਜਾ ਸਕੇ ।ਦਾਸ ਨੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਗੰਗਾ ਦੇ ਕੰਢੇ ਜ਼ਿਆਦਾਤਰ ਥਾਵਾਂ ਤੇ ਹਲਕੇ ਤੋਂ ਦਰਮਿਆਨੀ ਬਾਰਿਸ਼ ਹੋ ਸਕਦੀ ਹੈ । ਉਨ੍ਹਾਂ ਕਿਹਾ ਕਿ 27 ਮਈ ਨੂੰ ਕੁਝ ਥਾਵਾਂ 'ਤੇ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਕਿਹਾ ਕਿ ਬੰਗਾਲ ਦੀ ਖਾੜੀ ਅਤੇ ਓਡੀਸ਼ਾ, ਪੱਛਮੀ ਬੰਗਾਲ ਅਤੇ ਬੰਗਲਾਦੇਸ਼ ਦੇ ਸਮੁੰਦਰੀ ਕੰਢੇ 'ਤੇ ਸਮੁੰਦਰ ਵਿੱਚ ਬਹੁਤ ਤੇਜ਼ ਲਹਿਰਾਂ ਉੱਠ ਸਕਦੀਆਂ ਹਨ। ਮਛੇਰਿਆਂ ਨੂੰ 23 ਮਈ ਤੋਂ ਅਗਲੀ ਸੂਚਨਾ ਤੱਕ ਸਮੁੰਦਰ ਵਿੱਚ ਨਾ ਜਾਣ ਦੀ ਸਲਾਹ ਦਿੱਤੀ ਗਈ ਹੈ। ਬੰਗਾਲ ਦੀ ਖਾੜੀ ਵਿੱਚ ਬਣ ਰਹੇ ਚੱਕਰਵਾਤੀ ਤੂਫ਼ਾਨ ਯਾਸ ਦੇ ਸੰਭਾਵਿਤ ਖਤਰੇ ਨਾਲ ਨਜਿੱਠਣ ਲਈ ਭਾਰਤੀ ਜਲ ਸੈਨਾ ਨੇ ਆਪਣੇ ਚਾਰ ਜੰਗੀ ਜਹਾਜ਼ਾਂ ਤੋਂ ਇਲਾਵਾ ਕਈ ਜਹਾਜ਼ਾਂ ਨੂੰ ਵੀ ਤਾਇਨਾਤ ਕੀਤਾ ਹੈ ।

# ਦੇਸ਼ ਹੁਣ ਬਲੈਕ ਫੰਗਸ ਦੀ ਜਕੜ 'ਚ

**ਨਵੀਂ ਦਿੱਲੀ।** ਦੇਸ਼ 'ਚ ਹੁਣ ਤੱਕ ਕਾਲੀ ਫੰਗਸ ਦੇ ਤਕਰੀਬਨ 8,848 ਕੇਸ ਸਾਹਮਣੇ ਆ ਚੁੱਕੇ ਹਨ। ਕਰੋਨਾ ਤੋਂ ਤੰਦਰੁਸਤ ਹੋ ਰਹੇ ਲੋਕਾਂ 'ਚ ਕਾਲੀ ਫੰਗਸ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਕਾਲੀ ਫੰਗਸ ਦੇ ਵੱਧ ਰਹੇ ਕੇਸਾਂ ਦਾ ਨੋਟਿਸ ਲੈਂਦਿਆਂ ਕੇਂਦਰ ਸਰਕਾਰ ਨੇ ਮਰੀਜ਼ਾਂ ਦੇ ਇਲਾਜ 'ਚ ਵਰਤੀ ਜਾਣ ਵਾਲੀ ਦਵਾਈ ਐਮਫੋਟਰੀਸਿਨ-ਬੀ ਦੀ ਵੰਡ ਨੂੰ ਵਧਾਉਣ 'ਤੇ ਜ਼ੋਰ ਦਿੱਤਾ ਹੈ। ਰਸਾਇਣ ਅਤੇ ਖਾਦਾਂ ਬਾਰੇ ਕੇਂਦਰੀ ਮੰਤਰੀ ਡੀ ਵੀ ਸਦਾਨੰਦ ਗੌੜਾ ਨੇ ਐਮਫੋਟਰੀਸਿਨ-ਬੀ ਦੀਆਂ 23,680 ਸ਼ੀਸ਼ੀਆਂ ਵੰਡਣ ਦਾ ਐਲਾਨ ਕੀਤਾ ਹੈ। ਕੇਂਦਰੀ ਮੰਤਰੀ ਨੇ ਦੱਸਿਆ ਕਿ ਮਰੀਜ਼ਾਂ ਦੀ ਕੁੱਲ ਗਿਣਤੀ ਦੇ ਆਧਾਰ 'ਤੇ ਇਹ ਵੰਡ ਕੀਤੀ ਗਈ ਹੈ। ਗੁਜਰਾਤ ਨੂੰ 5800, ਮਹਾਰਾਸ਼ਟਰ ਨੂੰ 5090, ਆਂਧਰਾ ਪ੍ਰਦੇਸ਼ ਨੂੰ 2310, ਮੱਧ ਪ੍ਰਦੇਸ਼ ਨੂੰ 1830, ਰਾਜਸਥਾਨ ਨੂੰ 1780 ਅਤੇ ਕਰਨਾਟਕ ਨੂੰ 1270 ਟੀਕੇ ਦਿੱਤੇ ਗਏ ਹਨ। ਗੁਜਰਾਤ 'ਚ ਕਾਲੀ ਫੰਗਸ ਦੇ ਸਭ ਤੋਂ ਵੱਧ 2281 ਮਰੀਜ਼ ਹਨ। ਇਸ ਤੋਂ ਬਾਅਦ ਮਹਾਰਾਸ਼ਟਰ 'ਚ ਕਾਲੀ ਫੰਗਸ ਦੇ 2 ਹਜ਼ਾਰ, ਆਂਧਰਾ ਪ੍ਰਦੇਸ਼ 'ਚ 910, ਮੱਧ ਪ੍ਰਦੇਸ਼ 'ਚ 720, ਰਾਜਸਥਾਨ 'ਚ 700, ਕਰਨਾਟਕ 'ਚ 500, ਹਰਿਆਣਾ 'ਚ 250, ਦਿੱਲੀ 'ਚ 197, ਪੰਜਾਬ 'ਚ 95, ਛੱਤੀਸਗੜ੍ਹ 'ਚ 87, ਬਿਹਾਰ 'ਚ 56, ਤਾਮਿਲ ਨਾਡੂ 'ਚ 40, ਕੇਰਲਾ 'ਚ 36, ਝਾਰਖੰਡ 'ਚ 27, ਉੜੀਸਾ 'ਚ 15, ਗੋਆ 'ਚ 12 ਅਤੇ ਚੰਡੀਗੜ੍ਹ 'ਚ 8 ਕੇਸ ਸਾਹਮਣੇ ਆਏ ਹਨ। ਕਾਲੀ ਫੰਗਸ ਦੇ ਕੇਸ ਉਨ੍ਹਾਂ ਕਰੋਨਾ ਮਰੀਜ਼ਾਂ 'ਚ ਜ਼ਿਆਦਾ ਸਾਹਮਣੇ ਆ ਰਹੇ ਹਨ ਜਿਨ੍ਹਾਂ ਨੂੰ ਲੰਬੇ ਸਮੇਂ ਤੱਕ ਸਟੀਰਾਇਡ ਦਿੱਤੇ ਗਏ,



ਹਸਪਤਾਲ 'ਚ ਲੰਬੇ ਸਮੇਂ ਤੱਕ ਦਾਖ਼ਲ ਰਹੇ, ਆਕਸੀਜਨ ਜਾਂ ਵੈਂਟੀਲੇਟਰ 'ਤੇ ਰਹਿਣ ਵਾਲਿਆਂ ਅਤੇ ਜਿਹੜੇ ਸ਼ੂਗਰ ਜਿਹੀਆਂ ਬਿਮਾਰੀਆਂ ਲਈ ਦਵਾਈਆਂ ਦੀ ਵਰਤੋਂ ਕਰ ਰਹੇ ਸਨ। ਜੇਕਰ ਕਾਲੀ ਫੰਗਸ ਦਾ ਇਲਾਜ ਸਮੇਂ ਸਿਰ ਨਾ ਕੀਤਾ ਜਾਵੇ ਤਾਂ ਇਹ ਜਾਨਲੇਵਾ ਸਾਬਿਤ ਹੋ ਸਕਦੀ ਹੈ।

# ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਫਿਰ ਹੋਇਆ ਵਾਧਾ, ਰਾਜਸਥਾਨ 'ਚ 104 ਨੂੰ ਪਾਰ ਹੋਏ ਰੇਟ

**ਨਵੀਂ ਦਿੱਲੀ।** ਇਕ ਦਿਨ ਦੀ ਰਾਹਤ ਤੋਂ ਬਾਅਦ ਅੱਜ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਇਕ ਵਾਰ ਫਿਰ ਵਾਧਾ ਹੋਇਆ ਹੈ। ਅੱਜ ਪੈਟਰੋਲ ਦੀ ਕੀਮਤ ਵਿਚ 15-17 ਪੈਸੇ ਪ੍ਰਤੀ ਲੀਟਰ ਅਤੇ ਡੀਜ਼ਲ ਦੀ ਕੀਮਤ ਵਿਚ 25-29 ਪੈਸੇ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ ਹੈ।



ਰਾਜਸਥਾਨ ਦੇ ਸ਼੍ਰੀਗੰਗਾਨਗਰ ਵਿਚ ਪੈਟਰੋਲ 104 ਰੁਪਏ ਤੋਂ ਪਾਰ ਹੋ ਗਿਆ ਹੈ। ਉਸੇ ਸਮੇਂ, ਇਹ ਪਹਿਲਾਂ ਹੀ ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਦੇ ਬਹੁਤ ਸਾਰੇ ਸ਼ਹਿਰਾਂ ਵਿੱਚ 100 ਨੂੰ ਪਾਰ ਕਰ ਗਿਆ ਹੈ। ਪੈਟਰੋਲ ਦਿੱਲੀ ਵਿਚ 93 ਰੁਪਏ ਪ੍ਰਤੀ ਲੀਟਰ ਨੂੰ ਪਾਰ ਕਰ ਗਿਆ, ਜਦਕਿ ਮੁੰਬਈ ਵਿਚ ਇਹ 100 ਰੁਪਏ ਪ੍ਰਤੀ ਲੀਟਰ ਦੇ ਨੇੜੇ ਪਹੁੰਚ ਗਿਆ। ਅੱਜ ਸਰਕਾਰੀ ਤੇਲ ਕੰਪਨੀਆਂ ਨੇ ਪੈਟਰੋਲ ਅਤੇ ਡੀਜ਼ਲ ਦੀ ਕੀਮਤ ਵਿਚ 15 ਤੋਂ 31 ਪੈਸੇ ਪ੍ਰਤੀ ਲੀਟਰ ਦਾ ਵਾਧਾ ਕੀਤਾ ਹੈ। ਐਕਸਾਈਜ਼ ਡਿਊਟੀ, ਡੀਲਰ ਕਮਿਸ਼ਨ ਅਤੇ ਹੋਰ ਚੀਜ਼ਾਂ ਨੂੰ ਪੈਟਰੋਲ ਅਤੇ ਡੀਜ਼ਲ ਦੀ ਕੀਮਤ ਵਿਚ ਸ਼ਾਮਲ ਕਰਨ ਤੋਂ ਬਾਅਦ, ਇਸ ਦੀ ਕੀਮਤ ਲਗਭਗ ਦੁੱਗਣੀ ਹੋ ਜਾਂਦੀ ਹੈ. ਜੇ ਕੇਂਦਰ ਸਰਕਾਰ ਦੀ ਐਕਸਾਈਜ਼ ਡਿਉਟੀ ਅਤੇ ਰਾਜ ਸਰਕਾਰਾਂ ਦਾ ਵੈਟ ਹਟਾ ਦਿੱਤਾ ਜਾਂਦਾ ਹੈ ਤਾਂ ਡੀਜ਼ਲ ਅਤੇ ਪੈਟਰੋਲ ਦੀ ਦਰ ਲਗਭਗ 27 ਰੁਪਏ ਪ੍ਰਤੀ ਲੀਟਰ ਹੋਵੇਗੀ, ਪਰ ਕੇਂਦਰ ਜਾਂ ਰਾਜ ਸਰਕਾਰ ਦੋਵੇਂ ਹੀ ਕਿਸੇ ਵੀ ਤਰ੍ਹਾਂ ਟੈਕਸ ਨਹੀਂ ਹਟਾ ਸਕਦੇ।

OUR PARTNERS IN PROMOTION
WORLD PUNJABI NEWS NETWORK
WHITECLOUD INTERNATIONAL — WEB PRESENCE PROVIDER
SmartBrainz EXPLORE. CHOOSE. BUY. — TECHNOLOGY PROVIDER
WORLD PUNJABI NEWS NETWORK — NEWS & MEDIA PARTNER
ADVERTISE WITH US
+91 98155 88388
worldpunjabinews@gmail.com

ਕਹਾਣੀ

# ਬਾਬੂ



ਕਨ੍ਹੱਈਏ ਨੂੰ ਉਸ ਨੇ ਕਾਰ ਦੀ ਪਿਛਲੀ ਸੀਟ 'ਤੇ ਲਿਟਾਇਆ ਤੇ ਇੱਕ ਵਾਰ ਫਿਰ ਪੁੱਛਿਆ, ''ਠੀਕ ਐਂ?''
''ਹਾਂ ਜੀ!'' ਤੇ ਉਹ ਕਾਰਖਾਨੇ ਵੱਲ ਚੱਲ ਪਏ।
ਵਿੱਕੀ ਨੇ ਭਾਵੇਂ ਪੱਕੇ ਤੌਰ 'ਤੇ ਫੈਕਟਰੀ ਆਉਣਾ ਸ਼ੁਰੂ ਕਰ ਦਿੱਤਾ ਸੀ, ਪਰ ਉਥੋਂ ਦੇ ਮਜ਼ਦੂਰ ਹਾਲੀਂ ਵੀ ਉਸ ਨੂੰ 'ਬਾਬੂ ਜੀ' ਨਹੀਂ ਸਨ ਕਹਿੰਦੇ, ਸਗੋਂ 'ਕਾਕਾ ਜੀ' ਕਹਿ ਕੇ ਹੀ ਬੁਲਾਉਂਦੇ ਸਨ, ਵੱਧ ਤੋਂ ਵੱਧ ਵਿੱਕੀ ਜੀ ਕਹਿ ਦਿੰਦੇ ਸਨ। ਪੁਰਾਣੇ ਮਜ਼ਦੂਰ ਉਸ ਨੂੰ ਸਿਰਫ਼ ਵਿੱਕੀ ਕਹਿ ਕੇ ਬੁਲਾਉਂਦੇ ਸਨ।
''ਚੰਗਾ ਹੁੰਦਾ, ਜੇ ਅੱਜ ਡੈਡੀ ਬਾਹਰ ਨਾ ਜਾਂਦੇ! ਸਾਰਾ ਕੁਸ਼ ਉਨ੍ਹਾਂ ਨੇ ਆਪੇ ਸਾਂਭ ਲੈਣਾ ਸੀ!'' ਵਿੱਕੀ ਦਾ ਮਨ ਆਪਣੇ ਬਾਪ ਪ੍ਰਤੀ ਗਿਲਾਨੀ ਨਾਲ ਭਰ ਗਿਆ, ''ਇੱਕ ਮਜ਼ਦੂਰ ਵਿਚਾਰਾ ਦਰਦ ਨਾਲ ਮਰਦਾ ਜਾ ਰਿਹਾ ਸੀ ਤੇ ਇਹ ਫੋਨ 'ਤੇ ਕਹਿ ਰਹੇ ਸੀ 'ਕੋਈ ਦਰਦ ਆਲੀ ਗੋਲੀ ਦੇ-ਦੇ.. ਤੇ ਏਹਨੂੰ ਕੰਮ 'ਤੇ ਲਾਂ!''
''ਚੰਗਾ ਹੁੰਦਾ ਜੇ ਮੈਂ ਫੋਟੋਗ੍ਰਾਫ਼ੀ ਈ ਕਰਦਾ ਰਹਿੰਦਾ...,'' ਵਿੱਕੀ ਪਿਛਲੇ ਦਿਨਾਂ 'ਚ ਗੁਆਚ ਗਿਆ। ਬੀ ਏ ਤੋਂ ਬਾਅਦ ਜਦੋਂ ਉਸ ਨੇ ਜਰਨਲਿਜ਼ਮ ਕਰਨ ਬਾਰੇ ਡੈਡੀ ਨੂੰ ਦੱਸਿਆ ਸੀ ਤਾਂ ਉਨ੍ਹਾਂ ਨੇ ਕਿਹਾ ਸੀ, ''ਅੱਛਾ! ਤੂੰ ਪੱਤਰਕਾਰ ਬਣੇਂਗਾ!''
ਤਨਜ਼ ਨਾ ਸਮਝਦਿਆਂ ਵਿੱਕੀ ਨੇ ਹਾਂ ਵਿੱਚ ਸਿਰ ਹਿਲਾਇਆ ਸੀ, ''ਡੈਡੀ, ਮੈਂ ਅਸਲ 'ਚ ਕੁਝ ਕ੍ਰਿਏਟਿਵ ਕੰਮ ਕਰਨਾ ਚਾਹੁੰਦਾ ਹਾਂ!''
''..ਪੱਤਰਕਾਰ! ਜਿਹੜੇ ਹਜ਼ਾਰ ਰੁਪਏ ਪਿੱਛੇ ਕੋਈ ਵੀ ਖ਼ਬਰ ਬਣਾ ਦੇਂਦੇ ਨੇ!'' ਵਿੱਕੀ ਨੂੰ ਉਨ੍ਹਾਂ ਦੇ ਕਹਿਣ ਦਾ ਭਾਵ ਸਮਝ ਆਇਆ ਸੀ, ਪਰ ਵਿੱਕੀ ਨੇ ਆਪਣੀ ਜ਼ਿੱਦ ਪੁਗਾ ਲਈ ਸੀ।
ਮੰਮੀ ਨੇ ਡੈਡੀ ਨੂੰ ਸਮਝਾਉਂਦਿਆਂ ਕਿਹਾ, ''ਥੋਡਾ ਕੀ ਜਾਂਦੈ, ਜੇ ਮੁੰਡਾ ਚਾਰ ਦਿਨ ਯੂਨੀਵਰਸਿਟੀ 'ਚ ਘੁੰਮ-ਫਿਰ ਲਊ! ਆਹੀ ਉਮਰ ਐਂ.. ਮੁੜ ਕੇ ਤਾਂ ਬੰਦੇ 'ਤੇ ਕਬੀਲਦਾਰੀ ਦੇ ਬੋਝ ਪੈ ਜਾਂਦੇ ਨੇ!''
ਉਦੋਂ ਵਿੱਕੀ ਨੇ ਸੋਚ ਲਿਆ ਕਿ ਉਹ ਫੋਟੋ ਜਨਰਲਿਸਟ ਬਣੇਗਾ। ਜਦੋਂ ਕਲਾਸ 'ਚੋਂ ਕੋਈ ਉਸਨੂੰ ਪੁੱਛਦਾ ਤਾਂ ਉਹ ਜਵਾਬ ਦਿੰਦਾ, ''ਫੋਟੋਗ੍ਰਾਫੀ 'ਚ ਕ੍ਰਿਏਟੀਵਿਟੀ ਬਹੁਤ ਐ! ਨਾਲੇ ਵੱਖ ਤਰ੍ਹਾਂ ਦਾ ਕੰਮ ਐ, ਮੈਂ ਹੋਰਨਾਂ ਵਾਂਗ ਸਬ-ਐਡੀਟਰ ਜਾਂ ਰਿਪੋਰਟਰ ਨ੍ਹੀਂ ਬਣਨਾ ਚਾਹੁੰਦਾ!''
ਕੋਰਸ ਪੂਰਾ ਹੋਣ ਤੋਂ ਬਾਅਦ ਨੌਕਰੀ ਲੱਭਣਾ ਉਸ ਲਈ ਸਿਰਦਰਦੀ ਬਣ ਗਿਆ ਸੀ।
ਪਹਿਲਾਂ ਤਾਂ ਕੋਈ ਅਖ਼ਬਾਰ ਉਸ ਨੂੰ ਤਨਖ਼ਾਹ ਦੇਣ ਨੂੰ ਤਿਆਰ ਨਹੀਂ ਸੀ। ''ਤਿੰਨ ਮਹੀਨੇ ਟ੍ਰੇਨਿੰਗ ਤੋਂ ਬਾਅਦ ਤੈਨੂੰ ਅੱਧੀ ਤਨਖ਼ਾਹ ਮਿਲੇਗੀ। ਪੂਰੀ ਤਨਖ਼ਾਹ ਛੇ ਮਹੀਨੇ ਬਾਅਦ ਟ੍ਰੇਨਿੰਗ ਪੂਰੀ ਹੋਣ 'ਤੇ।'' ਜੇ ਕੋਈ ਅਖ਼ਬਾਰ ਸ਼ੁਰੂ 'ਚ ਤਨਖ਼ਾਹ ਦੇਣ ਲਈ ਤਿਆਰ ਵੀ ਹੋਇਆ ਤਾਂ ਇੰਨੀ ਘੱਟ ਕਿ ਉਸ ਤੋਂ ਕਿਤੇ ਜ਼ਿਆਦਾ ਤਾਂ ਉਹ ਡੈਡੀ ਤੋਂ ਜੇਬ ਖ਼ਰਚ ਲੈ ਆਇਆ ਕਰਦਾ ਸੀ। 'ਕਿਤਾਬਾਂ ਦੀਆਂ ਆਦਰਸ਼ਵਾਦੀ ਗੱਲਾਂ ਤੋਂ ਕਿੰਨੀ ਵੱਖਰੀ ਐ ਇਹ ਦੁਨੀਆ!' ਉਹ ਅਕਸਰ ਸੋਚਦਾ।
ਆਖ਼ਰ ਉਸ ਦੇ ਇੱਕ ਸੀਨੀਅਰ ਦੇ ਰੈਫਰੈਂਸ 'ਤੇ ਉਸ ਨੂੰ ਇੱਕ ਨਾਮਵਰ ਅਖ਼ਬਾਰ 'ਚ ਫੋਟੋ ਜਨਰਲਿਸਟ ਦੀ ਨੌਕਰੀ ਮਿਲ ਗਈ। ਸ਼ੁਰੂਆਤੀ ਦਿਨ ਉਸ ਦੇ ਖ਼ੁਸ਼ੀ ਨਾਲ ਲੰਘੇ, ਪਰ ਕੁਝ ਦਿਨਾਂ ਬਾਅਦ ਜਿਵੇਂ ਉਸ ਨੌਕਰੀ ਦੀ 'ਅਸਲੀਅਤ' ਉਸ ਦੇ ਸਾਹਮਣੇ ਆਉਣੀ ਸ਼ੁਰੂ ਹੋ ਗਈ।
ਇਹ ਕੰਮ ਹਾਲੇ ਉਹ ਪੂਰਾ ਕਰ ਰਿਹਾ ਹੁੰਦਾ ਕਿ ਉਸ ਨੂੰ ਚੀਫ ਫੋਟੋਗ੍ਰਾਫਰ ਦਾ ਫੋਨ ਆ ਜਾਂਦਾ, ''ਹਾਲੇ ਪਹਿਲੀ ਅਸਾਈਨਮੈਂਟ ਈ ਪੂਰੀ ਨ੍ਹੀਂ ਹੋਈ ਤੇਰੀਂ!.. ਉਧਰ ਰੈਲੀ ਸ਼ੁਰੂ ਹੋ ਚੁੱਕੀ ਐ!'' ''ਜਲਦੀ-ਜਲਦੀ ਦੋ-ਚਾਰ ਸ਼ੌਟਸ ਲੈ-ਲੈ!'' ''ਵਿੱਕੀ ਤੂੰ ਟਾਈਮ ਬਹੁਤ ਖ਼ਰਾਬ ਕਰਦੈਂ! ..ਕੌਰੈਸਪੌਂਡੈਂਟ ਉਡੀਕੀ ਜਾਂਦੈ ਪ੍ਰੈਸ ਕਾਨਫਰੰਸ 'ਚ ਤੈਨੂੰ।'' ''ਤੂੰ ਮਰਡਰ ਵਾਲੇ ਸਪੌਟ 'ਤੇ ਨ੍ਹੀਂ ਪਹੁੰਚਿਆ ਹਾਲੀਂ..?''
ਇੱਕ ਲਾਸ਼ ਦੀਆਂ ਫੋਟੋਆਂ ਖਿੱਚਦਿਆਂ ਉਸ ਨੇ ਦੂਜੇ ਅਖ਼ਬਾਰ ਦੇ ਫੋਟੋਗ੍ਰਾਫਰ ਨੂੰ ਮ੍ਰਿਤਕ ਦੇ ਰੋਂਦੇ ਹੋਏ ਬਾਪ ਨੂੰ ਜਦੋਂ ਇਹ ਕਹਿੰਦਿਆਂ ਸੁਣਿਆ, ''ਬਾਬਾ ਜੀ! ਚਿਹਰਾ ਜ਼ਰਾ ਏਧਰ ਘੁਮਾਇਓ!'' ਤਾਂ ਲਹੂ ਨਾਲ ਲਥਪਥ ਲਾਸ਼ ਨੂੰ ਵੇਖ ਕੇ ਪੈਦਾ ਹੋਈ ਜੋ ਗਿਲਾਨੀ ਵਿੱਕੀ ਨੇ ਦਬਾ ਰੱਖੀ ਸੀ, ਉਹ ਬਾਹਰ ਆ ਗਈ। ਉਸੇ ਦਿਨ ਉਸ ਨੇ ਚੀਫ ਫੋਟੋਗ੍ਰਾਫ਼ਰ ਅੱਗੇ ਕੈਮਰਾ ਰੱਖ ਦਿੱਤਾ ਸੀ, ''ਸਰ, ਮੈਥੋਂ ਨ੍ਹੀਂ ਏਹ ਕੰਮ ਹੁੰਦਾ!''
''ਵਿੱਕੀ, ਸ਼ੁਰੂ ਵਿੱਚ ਮੈਂ ਵੀ ਤੇਰੇ ਵਾਂਗ ਈ ਹੁੰਦਾ ਸੀ.. ਹੌਲੀ-ਹੌਲੀ ਆਦਤ ਹੋ ਜਾਊ। ਤੂੰ ਘਬਰਾ ਨਾ!'' ਚੀਫ ਫੋਟੋਗ੍ਰਾਫ਼ਰ ਨੇ ਉਸ ਨੂੰ ਸਮਝਾਇਆ ਸੀ।
ਸਿਟੀ ਐਡੀਟਰ ਨੇ ਵੀ ਕਿਹਾ, ''ਬੇਟਾ! ਇਹ ਸਭ ਕੰਮ ਦਾ ਹਿੱਸਾ ਏ! ਤੂੰ ਕੁਝ ਦਿਨ ਛੁੱਟੀ ਲੈ ਕੇ ਘਰ ਜਾ ਆ, ਮਨ ਠੀਕ ਹੋ ਜਾਊ!!''
ਛੁੱਟੀ ਆਇਆ ਵਿੱਕੀ ਵਾਪਸ ਨਹੀਂ ਗਿਆ। ਨਾ ਉਸ ਨੇ ਦਫ਼ਤਰੋਂ ਆਏ ਫੋਨਾਂ ਦਾ ਕੋਈ ਜਵਾਬ ਦਿੱਤਾ।
ਮੰਮੀ ਦੇ ਕਹਿਣ 'ਤੇ ਜਦੋਂ ਵਿੱਕੀ ਡੈਡੀ ਨਾਲ ਗੱਲ ਕਰਨ ਲਈ ਫੈਕਟਰੀ ਆਇਆ ਤਾਂ ਕੁਰਸੀ 'ਤੇ ਬੈਠਿਆਂ ਉਹ ਮੁਸਕੁਰਾਏ ਸਨ। ਵਿੱਕੀ ਨੂੰ ਲੱਗਿਆ ਸੀ, ਜਿਵੇਂ ਕਹਿ ਰਹੇ ਹੋਣ, ''ਦੇਖਿਆ! ਆ ਗਿਆ ਨਾ ਓਸੇ ਥਾਂ 'ਤੇ ਵਾਪਸ!.. ਤੇਰੇ ਬਾਪ ਨੇ ਆਪਣੇ ਵਾਲ ਧੁੱਪੇ ਚਿੱਟੇ ਨ੍ਹੀਂ ਕੀਤੇ!''
ਉਨ੍ਹਾਂ ਨੇ ਤਾਂ ਅੱਜ ਵੀ ਉਸ ਨੂੰ ਇਹੋ ਕਹਿਣਾ ਸੀ, ''ਵਿੱਕੀ, ਤੂੰ ਬਿਜ਼ਨਸ ਕਰਨਾ ਕਦੋਂ ਸਿੱਖੇਂਗਾ?''
ਇੱਕ ਵਾਰ ਜਦੋਂ ਡੈਡੀ ਨੇ ਉਸ ਨੂੰ ਫੈਕਟਰੀ ਲਈ ਖਰੀਦੇ ਕੁਝ ਸੰਦ ਏਜੰਟ ਨੂੰ ਵਾਪਸ ਕਰਨ ਲਈ ਕਿਹਾ ਤਾਂ ਉਹ ਝਿਜਕਿਆ ਸੀ। ਡੈਡੀ ਨੇ ਉਸ ਨੂੰ ਸਮਝਾਇਆ ਸੀ, ''ਸਾਥੋਂ ਲੋਕ ਮਾਲ ਲਿਜਾ ਕੇ, ਕਈ-ਕਈ ਦਿਨ ਰੱਖ ਕੇ ਫਿਰ ਵਾਪਸ ਕਰ ਜਾਂਦੇ ਨੇ, ਅਖੇ-ਏਨੇ ਦੀ ਲੋੜ ਨ੍ਹੀਂ!''
ਪਰ ਵਿੱਕੀ ਨੂੰ ਚਿੰਤਾ ਇਸ ਗੱਲ ਦੀ ਸੀ ਕਿ ਜਦੋਂ ਏਜੰਟ ਨੇ ਵਾਪਸ ਕੀਤੇ ਮਾਲ ਨੂੰ ਵੇਖ ਕੇ ਮੂੰਹ ਵਿੱਚ ਬੁੜ-ਬੁੜ ਕਰਨੀ ਸੀ ਤਾਂ ਉਸ ਨੂੰ ਬਹੁਤ ਭੈੜਾ ਮਹਿਸੂਸ ਹੋਣਾ ਸੀ। ਇਹ ਵਿੱਕੀ ਦੇ ਵੱਸੋਂ-ਬਾਹਰਾ ਸੀ ਕਿ ਉਹ ਖ਼ਰੀਦਦਾਰੀ ਵੇਲੇ ਰੇਟ ਘਟਵਾ ਸਕੇ। ਨਾ ਉਹ ਅਸਲ ਰਕਮ ਤੋਂ ਘੱਟ ਜਾਂ ਵੱਧ ਬਿਲ ਬਣਾ ਸਕਦਾ ਸੀ ਤੇ ਨਾ ਉਹ ਟੈਲੀਫੋਨ 'ਤੇ ਝੂਠ ਬੋਲ ਸਕਦਾ ਸੀ, ''ਹਾਲੀਂ ਬਹੁਤ ਟਾਈਟ ਹੋਏ ਪਏ ਆਂ। ਜਨਾਬ! ਆਉਂਦੀ ਪਹਿਲੀ ਨੂੰ ਥੋਡੀ ਪੇਮੈਂਟ ਪੱਕੀ!.. ਮੈਂ ਕਿਹਾ ਜੀ, ਮੈਂ ਆਪ ਫੜਾ ਕੇ ਜਾਊਂ ਥੋਨੂੰ!''
ਸਪੀਡ-ਬ੍ਰੇਕਰ ਦੇ ਹਲੋਰੇ ਨਾਲ ਕਨ੍ਹੱਈਏ ਦੇ ਕਰਾਹੁਣ ਦੀ ਆਵਾਜ਼ ਆਈ ਤਾਂ ਵਿੱਕੀ ਨੇ ਪਿੱਛੇ ਵੱਲ ਸਿਰ ਘੁਮਾਇਆ, ''ਹਾਲੀਂ ਵੀ ਦਰਦ ਹੋ ਰਿਹੈ?''
''ਪਹਿਲੇ ਸੇ ਤੋਂ ਘੱਟ ਹੈ, ਵਿੱਕੀ ਬਾਬੂ!.. ਦੂਸਰੀ ਗੋਲੀ ਲੈ ਕੇ ਕਾਮ ਜੋਗਾ ਹੋ ਜਾਊਂਗਾ, ਬਾਬੂ ਜੀ!'' ਇਹ ਸ਼ਬਦ ਵਿੱਕੀ ਅੰਦਰ ਝੁਣਝੁਣੀ ਛੇੜ ਗਏ।
''ਕੋਈ ਗੱਲ ਨ੍ਹੀਂ! ਪਹਿਲਾਂ ਦਰਦ ਠੀਕ ਹੋ-ਜੇ! ..ਥੋੜ੍ਹੀ ਦੇਰ ਆਰਾਮ ਕਰ ਲੀਂ ਪਹਿਲਾਂ!''
''ਬੜੇ ਬਾਬੂ ਜੀ ਬੋਲੇਂਗੇ..!''
''ਬੋਲਦੇ ਰਹਿਣ! ਕਹਿ ਦੇਈਂ, ਵਿੱਕੀ ਬਾਬੂ ਜੀ ਨੇ ਮਨ੍ਹਾ ਕੀਤੈ ਕੰਮ ਕਰਨ ਤੋਂ!''

-ਮੁਹੰਮਦ ਇਮਤਿਆਜ਼

# ਮੁਰਦਿਆਂ ਦਾ ਦੇਸ਼

**( ਦੇਸ਼ ਦੇ ਮੌਜੂਦਾ ਸਮੇਂ ਵਿੱਚ ਹਾਲਤਾਂ ਨੂੰ ਨਜ਼ਰਅੰਦਾਜ਼ ਕਰ ਸੱਭ ਕੁਝ ਜਾਣ ਕੇ ਵੀ ਅਣਜਾਣ ਬਣੇ ਅੰਨੇ ਭਗਤਾਂ ਦੇ ਨਾਮ )**

ਸਾਡੀ ਚਾਹੇ ਖੱਲ ਵੀ ਲਾਹ ਲਓ ਅਸੀਂ ਤਾਂ ਤਲਵੇ ਚੱਟਦੇ ਰਹਿਣਾ
ਹਰ ਵਾਰੀ ਕੋਈ ਫੜ ਕੇ ਝੰਡਾ ਵਾਂਗ ਨਚਾਰਾਂ ਨੱਚਦੇ ਰਹਿਣਾ
ਸਾਨੂੰ ਤਾਂ ਬੱਸ ਲਾਰਿਆਂ ਦੇ ਨਾਲ ਲੁੱਟ ਲਓ ਜਿਹਨੇ ਲੁੱਟਣਾ ਹੈ
ਕਦੀ ਧਰਮ ਤੇ ਜਾਤ ਦੇ ਨਾਂ ਤੇ ਇੱਕ ਦੂਜੇ ਨੂੰ ਕੱਟਦੇ ਰਹਿਣਾ

ਸਾਡੇ ਮੁੱਦੇ ਗਲੀਆਂ ਨਾਲੀਆਂ ਯਾਂ ਫਿਰ ਮਸਜਿਦ ਮੰਦਰ ਨੇ
ਮੁਫ਼ਤ ਚ ਆਟਾ ਦਾਲ ਤੇ ਬਿਜਲੀ ਇਹ ਜਜ਼ਬਾਤ ਵੀ ਅੰਦਰ ਨੇ
ਵੋਟਾਂ ਵੇਲੇ ਦਾਰੂ ਪੀ ਕੇ ਵਾਂਗ ਬਾਂਦਰਾ ਟੱਪਦੇ ਰਹਿਣਾ
ਸਾਡੀ ਚਾਹੇ ਖੱਲ ਵੀ ਲਾਹ ਲਓ ਅਸੀਂ ਤਾਂ ਤਲਵੇ ਚੱਟਦੇ ਰਹਿਣਾ

ਸਾਨੂੰ ਨੈੱਟ ਦੀ ਗਤੀ ਚਾਹੀਦੀ ਟਾਵਰ ਹੋਰ ਲਗਾਉਣੇ ਨੇ
ਪਸ਼ੂ ਪੰਛੀ ਤੇ ਜਲੀ ਜੀਵ ਵੀ ਖਾ ਖਾ ਅਸੀਂ ਮੁਕਾਉਣੇ ਨੇ
ਬੇਸ਼ੱਕ ਸਾਨੂੰ ਸਾਹ ਨਾਂ ਆਵੇ ਅਸੀਂ ਤਾਂ ਬੂਟੇ ਕੱਟਦੇ ਰਹਿਣਾ
ਸਾਡੀ ਚਾਹੇ ਖੱਲ ਵੀ ਲਾਹ ਲਓ ਅਸੀਂ ਤਾਂ ਤਲਵੇ ਚੱਟਦੇ ਰਹਿਣਾ

ਸਾਡੀਆਂ ਲਾਸ਼ਾਂ ਨਦੀ ਕਿਨਾਰੇ ਰੇਤ ਚ ਚਾਹੇ ਨੱਪ ਦਿਓ
ਰੋੜ ਦਿਓ ਵਿੱਚ ਪਾਣੀ ਦੇ ਯਾਂ ਸੜਕ ਕਿਨਾਰੇ ਰੱਖ ਦਿਓ
ਅਸੀਂ ਤਾਂ ਨਾਹਰੇ ਪਾਰਟੀਆਂ ਦੇ ਆਖਰੀ ਸਾਹ ਤੱਕ ਰੱਟਦੇ ਰਹਿਣਾ
ਸਾਡੀ ਚਾਹੇ ਖੱਲ ਵੀ ਲਾਹ ਲਓ ਅਸੀਂ ਤਾਂ ਤਲਵੇ ਚੱਟਦੇ ਰਹਿਣਾ

ਸਾਡੀਆਂ ਬੱਚੀਆਂ ਦੇ ਨਾਲ ਭਾਵੇਂ ਕੋਈ ਵੀ ਕਰ ਲਏ ਜ਼ਬਰ ਜ਼ਨਿਾਹ
ਇੱਕ ਦਿਨ ਬਾਲ ਕੇ ਮੋਮ ਬੱਤੀਆਂ ਬੱਸ ਕਰ ਦੇਂਦੇ ਹਾਂ ਫਰਜ਼ ਅਦਾ
ਮੁਦਰਿਆਂ ਦੇ ਇਸ ਦੇਸ਼ ਚ ਬਣ ਬਣ ਬੰਬ ਜਲੋਟਿਆਂ ਫਟਦੇ ਰਹਿਣਾ
ਸਾਡੀ ਚਾਹੇ ਖੱਲ ਵੀ ਲਾਹ ਲਓ ਅਸੀਂ ਤਾਂ ਤਲਵੇ ਚੱਟਦੇ ਰਹਿਣਾ



**ਗੁਰਪ੍ਰੀਤ ਜਲੋਟਾ**



ਵਿਅੰਗ

# ਕੋਰੋਨਾ ਵਾਇਰਸ ਅਤੇ ਪ੍ਰਹੇਜ਼

**ਖਤਰਨਾਕ ਅਤੇ ਜਾਨ ਦਾ ਦੁਸ਼ਮਣ ਭਾਵੇਂ ਕੋਈ ਵਿਅਕਤੀ ਹੋਵੇ ਜਾਂ ਕੋਈ ਰੋਗ, ਉਸ ਦੀ ਦਹਿਸ਼ਤ ਦਿਲ ਤੇ ਕੰਬਾ ਦਿੰਦੀ ਹੈ। ਜੇ ਕਿਸੇ ਦਹਿਸ਼ਤੀ ਰੋਗ ਕਾਰਨ ਡਾਕਟਰ ਲੋਕਾਂ ਨੂੰ ਦਿਲ ਦੁਖਾਉਣ ਅਤੇ ਦਿਲ ਤੋੜਨ ਵਾਲਾ ਪ੍ਰਹੇਜ਼ ਕਰਨ ਨੂੰ ਕਹਿਣ ਤਾਂ ਲੋਕ ਕੀ ਕਰਨ। ਦਿਨੋ-ਦਿਨ ਕੋਰੋਨਾ ਵਾਇਰਸ ਦੇ ਨਾਲ ਸਵਾਈਨ ਫਲੂ ਦੇ ਵਾਇਰਸ ਦੀ ਦਹਿਸ਼ਤ ਵਧਦੀ ਜਾ ਰਹੀ ਹੈ ਅਤੇ ਡਾਕਟਰ ਇੱਕ ਤਰ੍ਹਾਂ ਪਿਆਰ ਦੇ ਵਾਇਰਸ ਤੋਂ ਬਚਣ ਦੀ ਸਲਾਹ ਦੇ ਰਹੇ ਹਨ...**




ਆ.. ਹਾ... ਹਾ... ਆ... ਆ! ਵਾਹ, ਵਾਹ! ਕਿੰਨਾ ਸੋਹਣਾ ਅਤੇ ਦਿਲਕਸ਼ ਨਾਂਅ ਹੈ; ਕੋਰੋਨਾ ਵਾਇਰਸ। ਜਿਵੇਂ ਅੰਗਰੇਜ਼ੀ ਫਿਲਮਾਂ ਦੀ ਕਿਸੇ ਖੂਬਸੂਰਤ ਤੇ ਆਕਰਸ਼ਕ ਅਭਿਨੇਤਰੀ ਦਾ ਨਾਂਅ ਹੋਵੇ, ਪਰ ਇਸ ਕੋਰੋਨਾ ਵਾਇਰਸ ਦਾ ਨਾਂਅ ਕਿਸੇ ਖਤਰਨਾਕ ਤੇ ਮਸ਼ਹੂਰ ਅੱਤਵਾਦੀ ਦੇ ਨਾਂਅ ਵਾਂਗ ਲੋਕਾਂ ਵਿੱਚ ਦਹਿਸ਼ਤ ਤੇ ਖੌਫ ਭਰਦਾ ਹੈ। ਹਰ ਕੋਈ ਇਸ ਤੋਂ ਡਰ ਰਿਹਾ ਹੈ। ਕੋਈ ਕੋਈ ਬੰਦਾ ਇਸ ਦਾ ਨਾਂਅ ਲੈਣ ਤੋਂ ਵੀ ਡਰਦਾ ਹੈ। ਕੋਰੋਨਾ ਵਾਇਰਸ ਦੀ ਚਰਚਾ ਪਿਛਲੇ ਕੁਝ ਸਮੇਂ ਤੋਂ ਦੁਨੀਆ ਦੇ ਕੋਨੇ-ਕੋਨੇ ਵਿੱਚ ਹੋ ਰਹੀ ਹੈ। ਓਨੀ ਚਰਚਾ ਦਹਿਸ਼ਤਗਰਦਾਂ, ਉਨ੍ਹਾਂ ਦੇ ਖੈਰਖਵਾਹਾਂ, ਸਰਪ੍ਰਸਤਾਂ, ਐਟਮੀ ਹਥਿਆਰਾਂ, ਜ਼ਿੱਦੀ, ਅੜਬ ਤੇ ਹੈਂਕੜਬਾਜ਼ਾਂ ਹੁਕਮਰਾਨਾਂ, ਸਿਆਸਦਾਨਾਂ, ਅਭਿਨੇਤਾਵਾਂ, ਅਭਿਨੇਤਰੀਆਂ ਦੀ ਨਹੀਂ ਹੋ ਰਹੀ, ਜਿੰਨੀ ਜ਼ਿਆਦਾ ਚਰਚਾ ਕੋਰੋਨਾ ਵਿਸ਼ਾਣੂ ਦੀ ਹੁੰਦੀ ਹੈ। ਇਸ ਜਾਨਲੇਵਾ ਤੇ ਖਤਰਨਾਕ ਵਾਇਰਸ ਦੇ ਚਰਚੇ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਤਰੀ ਕੋਰੀਆ ਦੇ ਰਾਸ਼ਟਰਪਤੀ ਕਿਮ ਜੋਂਗ ਉਨ ਦੇ ਚਰਚਿਆਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਬੱਸ, ਚੀਨ ਤੇ ਉਥੋਂ ਨਿਕਲ ਕੇ ਦੁਨੀਆ ਦੇ ਕੋਨੇ-ਕੋਨੇ 'ਚ ਦਹਿਸ਼ਤ ਦੀ ਦਸਤਕ ਦੇਣ ਵਾਲੇ ਕੋਰੋਨਾ ਬਾਰੇ ਹੀ ਲੋਕਾਂ ਵਿੱਚ, ਅਖਬਾਰਾਂ ਵਿੱਚ, ਟੀ ਵੀ ਚੈਨਲਾਂ 'ਤੇ, ਸੋਸ਼ਲ ਮੀਡੀਆ 'ਚ, ਹਸਪਤਾਲਾਂ 'ਚ, ਏਅਰਪੋਰਟਸ 'ਤੇ, ਬੰਦਰਗਾਹਾਂ ਵਗੈਰਾ ਥਾਵਾਂ 'ਤੇ ਗੱਲਾਂ ਹੋ ਰਹੀਆਂ ਹਨ। ਵਿਚਾਰ-ਵਟਾਂਦਰੇ ਹੋ ਰਹੇ ਹਨ ਤੇ ਮਾਸਕ, ਦਸਤਾਨੇ ਆਦਿ ਧੜਾਧੜ ਫਟਾਫਟ ਵਿਕ ਰਹੇ ਹਨ। ਰੁਮਾਲ ਵਗੈਰਾ ਵੀ। ਪਿਛਲੇ ਕਈ ਸਾਲਾਂ ਤੋਂ ਚੀਨ 'ਚ ਬਣੇ ਵੱਖ-ਵੱਖ ਕਿਸਮ ਦੇ ਸਸਤੇ ਸਾਮਾਨ ਨੇ ਪੂਰੀ ਦੁਨੀਆ ਦੇ ਬਾਜ਼ਾਰਾਂ ਵਿੱਚ ਤਰਥੱਲੀ ਮਚਾਈ ਹੋਈ ਹੈ ਅਤੇ ਕਈ ਮੁਲਕਾਂ ਦੇ ਸਨਅਤਕਾਰਾਂ, ਕਾਰੋਬਾਰੀਆਂ ਦੀਆਂ ਸਨਅਤਾਂ ਤੇ ਕਾਰੋਬਾਰਾਂ ਨੰ ਥੱਲੇ ਲਾ ਛੱਡਿਆ ਹੋਇਆ ਹੈ। ਚੀਨ ਨੇ ਚੀਨੀਆਂ-ਚੀਨਣਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਆਈਟਮਸ ਬਣਾਉਣ ਲਾ ਰੱਖਿਆ ਹੈ ਤੇ ਹੋਰ ਦੇਸ਼ਾਂ ਦੇ ਅਣਗਿਣਤ ਕਾਰੀਗਰਾਂ ਤੇ ਕਰਮਚਾਰੀਆਂ ਨੂੰ ਮੱਖੀਆਂ ਮਾਰਨ ਲਈ ਵਿਹਲੇ ਬਿਠਾ ਰੱਖਿਆ ਹੈ। ਸਾਡੇ ਆਪਣੇ ਦੇਸ਼ ਦੇ ਕਈ ਵਪਾਰੀਆਂ ਤੇ ਦੁਕਾਨਦਾਰਾਂ ਉਪਰ 'ਬੀ ਇੰਡੀਅਨ ਬਾਈ ਇੰਡੀਅਨ' ਮਾਟੋ ਦਾ ਕੋਈ ਅਸਰ ਨਹੀ ਹੋ ਰਿਹਾ ਅਤੇ ਉਹ ਚੀਨ ਦੇਸ਼ 'ਚ ਬਣਿਆ ਵੱਖ-ਵੱਖ ਕਿਸਮ ਦਾ ਸਸਤਾ ਸਾਮਾਨ ਇਥੇ ਦੇ ਬਾਜ਼ਾਰਾਂ 'ਚ ਵੇਚ-ਵੇਚ ਕੇ ਵੱਧ ਮੁਨਾਫਾ ਕਮਾ ਰਹੇ ਹਨ, ਯਾਨੀ ਭਾਰਤ ਦੀ ਮੰਦੀ ਹਾਲਤ 'ਚ ਭਰਪੂਰ ਯੋਗਦਾਨ ਪਾ ਰਹੇ ਹਨ। ਪਹਿਲਾਂ ਉਹ ਚੀਨ ਦੇਸ਼ ਦੀਆਂ ਕਈ ਤਰ੍ਹਾਂ ਦੀਆਂ ਆਈਟਮਸ ਨੂੰ ਵੇਖਣ-ਪਰਖਣ ਤੇ ਆਰਡਰ ਬੁੱਕ ਕਰਵਾਉਣ ਲਈ ਉਥੋਂ ਦਾ ਗੇੜੇ 'ਤੇ ਗੇੜਾ ਲਾਉਂਦੇ ਸਨ, ਪਰ ਜਦੋਂ ਤੋਂ ਚੀਨ 'ਚ ਪੈਦਾ ਹੋਈ ਨਵੀਂ ਆਈਟਮ, ਬਿਮਾਰੀ ਦੀ ਨਵੀਂ ਆਈਟਮ ਨੋਵਲ ਕੋਰੋਨਾ ਵਾਇਰਸ ਦੇ ਪ੍ਰਭਾਵਤ ਲੋਕਾਂ ਤੇ ਪੀੜਤ ਵਿਅਕਤੀਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ, ਉਦੋਂ ਤੋਂ ਭਾਰਤੀ ਵਪਾਰੀਆਂ ਤੇ ਦੁਕਾਨਦਾਰਾਂ ਅਤੇ ਹੋਰ ਕਈ ਲੋਕਾਂ ਨੇ ਚੀਨ ਦਾ ਗੇੜਾ ਲਾਉਣ ਤੋਂ ਤੌਬਾ ਕਰ ਲਈ ਹੈ। ਇਸ ਵਾਇਰਸ ਤੋਂ ਪੀੜਤ ਕਈ ਚੀਨੀ ਲੋਕ ਮੌਤ ਦੇ ਮੂੰਹ ਜਾ ਪਏ ਅਤੇ ਕਈ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ। ਜਿਹੜੇ ਹੋਰ ਦੇਸ਼ਾਂ ਦੇ ਲੋਕ ਚੀਨ ਦੀ ਯਾਤਰਾ ਖਾਸ ਕਰ ਕੇ ਉਥੋਂ ਦੇ ਦੋ ਰਾਜਾਂ ਵੂਹਾਨ ਤੇ ਹੁਏਈ ਵਿਚੋਂ ਹੋ ਕੇ ਆਪਣੇ ਦੇਸ਼ ਪਰਤਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਘਰਾਂ, ਰੈਣ ਬਸੇਰਿਆਂ ਤੱਕ ਪਹੁੰਚਣ ਤੋਂ ਪਹਿਲਾਂ ਮੈਡੀਕਲ ਟੀਮਾਂ ਦੀ ਨਿਗਰਾਨੀ ਹੇਠ ਸਿੱਧਾ ਹਸਪਤਾਲਾਂ ਵਿੱਚ ਚੈਕਿੰਗ ਲਈ ਭੇਜਿਆ ਜਾਂਦਾ ਹੈ। ਚੀਨ ਦੇ ਸਸਤੇ ਸਾਮਾਨ ਦੀ ਗੱਲ ਹੋਰ ਹੈ। 'ਬਿਲਕੁਲ ਮੁਫਤ ਆਈਟਮ' ਵਾਂਗ ਨੋਵਲ ਕੋਰੋਨਾ ਤੋਂ ਹਰ ਕੋਈ ਦੂਰ ਰਹਿਣਾ ਚਾਹੁੰਦਾ ਹੈ। ਇੱਕ ਨਾਲ ਇੱਕ ਮੁਫਤ ਦਾ ਪ੍ਰਭਾਵ ਖਰੀਦਦਾਰਾਂ ਉਪਰ ਪੈ ਜਾਂਦਾ ਹੈ। ਕੋਰੋਨਾ ਵਾਇਰਸ ਵਰਗੀ ਖਤਰਨਾਕ ਤੇ ਜਾਨਲੇਵਾ ਚੀਜ਼ ਕੋਈ ਵੀ ਵਿਅਕਤੀ ਮੁਫਤ ਵੀ ਕਿਉਂ ਲਏਗਾ? ਮੌਤ ਨੂੰ ਮਾਸੀ ਕਿਉਂ ਕਹੇਗਾ?

ਖਤਰਨਾਕ ਅਤੇ ਜਾਨ ਦਾ ਦੁਸ਼ਮਣ ਭਾਵੇਂ ਕੋਈ ਵਿਅਕਤੀ ਹੋਵੇ ਜਾਂ ਕੋਈ ਰੋਗ, ਉਸ ਦੀ ਦਹਿਸ਼ਤ ਦਿਲ ਤੇ ਕੰਬਾ ਦਿੰਦੀ ਹੈ। ਜੇ ਕਿਸੇ ਦਹਿਸ਼ਤੀ ਰੋਗ ਕਾਰਨ ਡਾਕਟਰ ਲੋਕਾਂ ਨੂੰ ਦਿਲ ਦੁਖਾਉਣ ਅਤੇ ਦਿਲ ਤੋੜਨ ਵਾਲਾ ਪ੍ਰਹੇਜ਼ ਕਰਨ ਨੂੰ ਕਹਿਣ ਤਾਂ ਲੋਕ ਕੀ ਕਰਨ। ਦਿਨੋ-ਦਿਨ ਕੋਰੋਨਾ ਵਾਇਰਸ ਦੇ ਨਾਲ ਸਵਾਈਨ ਫਲੂ ਦੇ ਵਾਇਰਸ ਦੀ ਦਹਿਸ਼ਤ ਵਧਦੀ ਜਾ ਰਹੀ ਹੈ ਅਤੇ ਡਾਕਟਰ ਇੱਕ ਤਰ੍ਹਾਂ ਪਿਆਰ ਦੇ ਵਾਇਰਸ ਤੋਂ ਬਚਣ ਦੀ ਸਲਾਹ ਦੇ ਰਹੇ ਹਨ। ਉਹ ਕਹਿੰਦੇ ਹਨ, 'ਕਿਸੇ ਨਾਲ ਹੱਥ ਨਾ ਮਿਲਾਓ, ਕਿਸੇ ਨੂੰ ਜੱਫੀ ਨਾ ਪਾਓ, ਕਿਸੇ ਨੂੰ ਚੁੰਮਾ-ਚੱਟੀ ਦੀ ਚੱਟਣੀ ਨਾ ਚਟਾਓ, ਕਿਸੇ ਨਾਲ ਕਿਸੇ ਤਰ੍ਹਾਂ ਦਾ ਸੰਪਰਕ ਨਾ ਕਰੋ। ਕਿਸੇ ਦੇ ਕੋਲ ਢੁਕ ਕੇ ਨਾ ਬੈਠੋ। ਬੱਸ ਦੂਰ ਰਹੋ।''

ਤੁਸੀਂ ਦੱਸੋ, ਇਹ ਦਿਲ ਦੁਖਾਉਣੇ ਤੇ ਦਿਲ ਤੋੜਨ ਵਾਲਾ ਪ੍ਰਹੇਜ਼ ਨਹੀਂ ਹੈ ਤਾਂ ਹੋਰ ਕੀ ਹੈ। ਹੱਥ ਮਿਲਾਉਣ, ਕੋਲ-ਕੋਲ ਬਹਿ ਕੇ ਇੱਕ ਦੂਸਰੇ ਨਾਲ ਗੱਲਾਂ ਕਰਨ, ਸੰਪਰਕ ਕਰਨ ਆਦਿ ਨਾਲ ਹੀ ਪਿਆਰ ਵਧਦਾ ਹੈ। ਕੋਈ ਕਹਿੰਦਾ ਹੈ ਕਿ ਪਿਆਰ ਅੰਨ੍ਹਾ ਹੁੰਦਾ ਹੈ, ਕੋਈ ਫਰਮਾਉਂਦਾ ਹੈ ਕਿ ਪਿਆਰ ਸ਼ੁਦਾਅ ਹੈ। ਇੱਕ ਰੋਗ ਹੁੰਦਾ ਹੈ, ਹੋਰਨਾਂ ਖਤਰਨਾਕ ਰੋਗਾਂ ਦੇ ਵਾਇਰਸ ਫੈਲਣ ਤੋਂ ਰੋਕਣ ਲਈ ਪੂਰੀ ਦੁਨੀਆ ਦੇ ਦੇਸ਼ਾਂ ਅੰਦਰ ਪੂਰਾ ਟਿੱਲ ਲਾਇਆ ਜਾ ਰਿਹਾ ਹੈ। ਪਿਆਰ ਦਾ ਪਿਆਰਾ ਵਾਇਰਸ ਵੀ ਫੈਲਾਉਣ ਤੋਂ ਮਨ੍ਹਾ ਕੀਤਾ ਜਾ ਰਿਹਾ ਹੈ। ਕਈ ਨਵੇਂ ਵਿਆਹੇ ਜੋੜੇ ਅਤੇ ਹੋਰ ਪਿਆਰ ਕਰਨ ਵਾਲੇ ਬਹੁਤ ਦੁਖੀ ਹਨ। ਖਾਣ-ਪੀਣ ਦੀਆਂ ਚੀਜ਼ਾਂ ਦਾ ਪ੍ਰਹੇਜ਼ ਕਰਨਾ ਸੌਖਾ ਹੈ। ਪਿਆਰ ਕਰਨ ਤੋਂ ਪ੍ਰਹੇਜ਼ ਕਰਨਾ ਬਹੁਤ ਔਖਾ ਹੈ।

**-ਨੂਰ ਸੰਤੋਖਪੁਰੀ**

# ਮਿੰਨੀ ਕਹਾਣੀਆਂ

## ਦਾਨਸ਼ਮੰਦੀ

ਪੁਰਾਤਨ ਦੌਰ ਵਿੱਚ ਆਵਾਜਾਈ ਦਾ ਸਾਧਨ ਤਾਂਗਾ ਹੁੰਦਾ ਸੀ, ਜਿਸ 'ਤੇ ਲੋਕ ਸ਼ਹਿਰੋਂ ਪਿੰਡ ਤੇ ਪਿੰਡੋਂ ਸ਼ਹਿਰ ਆਉਂਦਾ-ਜਾਂਦੇ ਸਨ। ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਦੋ ਕਬੀਲਿਆਂ ਦੀ ਆਪਸ ਵਿੱਚ ਸਿਰਵੱਢ ਦੁਸ਼ਮਣੀ ਪੈ ਗਈ ਸੀ ਤੇ ਦੋਵਾਂ ਪਾਸਿਆਂ ਤੋਂ ਇੱਕ-ਦੂਜੇ ਦਾ ਜਾਨੀ ਨੁਕਸਾਨ ਹੋ ਚੁੱਕਾ ਸੀ। ਅੱਜ ਵੀ ਦੋਵੇਂ ਧਿਰਾਂ ਪੇਸ਼ੀ ਭੁਗਤਣ ਲਈ (ਕਚਹਿਰੀ) ਸ਼ਹਿਰ ਪੁੱਜੀਆਂ ਹੋਈਆਂ ਸਨ। ਸ਼ਹਿਰ ਵਿੱਚ ਕਿਧਰੇ ਇੱਕ ਧਿਰ ਦੀਆਂ ਚਾਰ-ਪੰਜ ਔਰਤਾਂ ਵੀ ਖਰੀਦੋ-ਫਰੋਖਤ ਲਈ ਗਈਆਂ ਸਨ, ਜਿਨ੍ਹਾਂ ਦੇ ਪਰਵਾਰ ਦੇ ਪੁਰਸ਼ ਮੈਂਬਰ ਪੇਸ਼ੀ ਭੁਗਤ ਕੇ ਪਹਿਲਾਂ ਪਿੰਡ ਜਾ ਚੁੱਕੇ ਸਨ। ਸ਼ਾਮ ਵੇਲਾ ਹੋ ਗਿਆ, ਉਹ ਵੀ ਪਿੰਡ ਪੁੱਜਣ ਲਈ ਤਾਂਗਾ ਲੈਣ ਲਈ ਤਾਂਗਾ-ਸਟੈਂਡ ਗਈਆਂ। ਸਟੈਂਡ 'ਤੇ ਸਿਰਫ ਇੱਕ ਹੀ ਅਖੀਰਲੇ ਸਮੇਂ ਜਾਣ ਵਾਲਾ ਤਾਂਗਾ ਖੜ੍ਹਾ ਸੀ ਜਿਸ 'ਤੇ ਔਰਤਾਂ ਦੀ ਦੁਸ਼ਮਣ ਧਿਰ ਦੇ ਮੁਛੋਹਿਰ ਹਥਿਆਰ ਫੜੀ ਤਾਂਗਾ ਮੱਲੀ ਬੈਠੇ ਸਨ। ਬਾਅਦ ਵਿੱਚ ਇਨ੍ਹਾਂ ਮੁਛੋਹਿਰਾਂ ਦਾ ਇੱਕ ਵੱਡਾ (ਬਜ਼ੁਰਗ) ਆ ਗਿਆ ਜਿਸ ਨੇ ਦੁਸ਼ਮਣ ਧਿਰ ਦੀਆਂ ਔਰਤਾਂ ਨੂੰ ਪਾਸੇ ਖੜ੍ਹੀਆਂ ਦੇਖ ਕੇ ਮੁੰਡਿਆਂ ਨੂੰ ਕਿਹਾ, ''ਥੱਲੇ ਉੱਤਰੋ ਓਏ, ਕੁਵੇਲਾ ਹੋ ਰਿਹੈ, ਇਨ੍ਹਾਂ ਬੀਬੀਆਂ ਨੂੰ ਪਹਿਲਾਂ ਜਾਣ ਦਿਓ। ਮੈਂ ਤੁਹਾਡੇ ਲਈ ਆਪੇ ਕੋਈ ਹੋਰ ਪ੍ਰਬੰਧ ਕਰ ਦੇਣਾ।''

ਮੁਛੋਹਿਰ ਮੁੰਡੇ ਬਜ਼ੁਰਗ ਵੱਲੋਂ ਤਾਕੀਦ ਕਰਨ 'ਤੇ ਫੌਰਨ ਤਾਂਗੇ ਤੋਂ ਹੇਠਾਂ ਉਤਰ ਆਏ ਤੇ ਤਾਂਗਾ ਖਾਲੀ ਕਰ ਦਿੱਤਾ। ਕੋਚਵਾਨ ਨੇ ਉਨ੍ਹਾਂ ਔਰਤਾਂ ਨੂੰ ਤਾਂਗੇ 'ਤੇ ਬਿਠਾ ਕੇ ਪਿੰਡ ਪੁੱਜਦਾ ਕਰ ਦਿੱਤਾ। ਔਰਤਾਂ ਨੇ ਘਰ ਪੁੱਜ ਕੇ ਇਹ ਸਾਰਾ ਮੰਜ਼ਰ ਆਪਣੇ ਘਰ ਦੇ ਮਰਦ ਮੈਂਬਰਾਂ ਨੂੰ ਸੁਣਾਇਆ।

ਸਵੇਰੇ ਹੀ ਦੂਸਰੇ ਕਬੀਲੇ (ਔਰਤਾਂ ਵਾਲੀ ਤਰਫ) ਦਾ ਇੱਕ ਬਜ਼ੁਰਗ ਆਪਣੀ ਵਿਰੋਧੀ ਧਿਰ ਦੇ ਘਰ ਆਇਆ ਤਾਂ ਆਪਣੇ ਵਿਰੋਧੀ (ਦੁਸ਼ਮਣ) ਬਜ਼ੁਰਗਾਂ ਨੂੰ ਗਲਵੱਕੜੀ ਪਾ ਲਈ ਤੇ ਕਿਹਾ, ''ਭਰਾਵਾ ਜੇ ਆਪਾਂ ਨੂੰ ਆਪਣੀਆਂ ਤ੍ਰੀਮਤਾਂ ਦੀ ਹਯਾ ਤੇ ਅਜ਼ਮਤ ਦਾ ਅੱਜ ਵੀ ਏਨਾ ਖਿਆਲ ਏ ਤੇ ਫਿਰ ਭਾਵੇਂ ਬਦਲਾ ਲੈਣ ਸਾਡਾ ਈ ਬਣਦਾ ਸੀ, ਪਰ ਤੁਹਾਡੀ ਇਸ ਦਾਨਸ਼ਮੰਦੀ ਤੋਂ ਮੁਤਾਸਰ ਹੋਇਆ ਮੈਂ ਸਭ ਵੈਰ-ਵਿਰੋਧ ਭੁਲਾ ਕੇ ਆਪਣੀ ਨਵੀਂ ਨਸਲ ਦੇ ਹਰ ਫਰਦ ਨੂੰ ਚੰਗਾ ਸੁੱਘੜ ਤੇ ਦਾਨਸ਼ਮੰਦ ਹਮਸਾਇਆ ਬਣ ਕੇ ਬਾਕੀ ਦੀ ਸਾਰੀ ਹਯਾਤੀ ਬਸਰ ਕਰਨ ਬਾਰੇ ਤਾਕੀਦ ਕੀਤੀ ਹੈ ਕਿਉਂਕਿ ਆਜ਼ਾਦੀ ਤੇ ਅਮਨ ਦੀ ਫਿਜ਼ਾ ਵਿੱਚ ਪੱਲਰੀ ਨਸਲ ਖੁਸ਼ਗਵਾਰ ਤੇ ਉਮਰ-ਦਰਾਜ ਹੁੰਦੀ ਏ ਔਰ ਨਫਰਤ ਤੇ ਦੁਸ਼ਮਣੀ ਦੇ ਸਾਏ ਹੇਠ ਹਰ ਮਨੁੱਖ ਉਮਰ ਤੋਂ ਪਹਿਲਾਂ ਬੁੱਢਾ ਤੇ ਬਿਮਾਰੀ ਵਿੱਚ ਗ੍ਰਸਿਆ ਜਾਂਦੈ, ਜੋ ਬੇਵਕਤ ਉਮਰੇ ਹੀ ਗੋਰ ਵਿੱਚ ਜਾ ਪੈਂਦਾ ਹੈ।''

ਦੋਵਾਂ ਬਜ਼ੁਰਗਾਂ ਨੇ ਦੁਸ਼ਮਣੀਆਂ ਭੁਲਾ ਕੇ ਜੱਫੀਆਂ ਪਾਈਆਂ ਹੋਈਆਂ ਸਨ, ਜਿਨ੍ਹਾਂ ਨੂੰ ਦੇਖ ਰਹੇ ਦੋਵਾਂ ਫਰੀਕਾਂ ਦੀ ਨਵੀਂ ਨਸਲ ਦੇ ਚਿਹਰੇ, ਉਗ ਰਹੇ ਸੂਰਜ ਦੀ ਸੁਨਹਿਰੀ ਧੁੱਪ ਨਾਲ ਚਮਕ ਰਹੇ ਸਨ।

## ਦਿਹਾੜੀ

ਸਵੇਰੇ ਸਵੇਰੇ ਅਸਮਾਨ ਉਤੇ ਕਾਲੇ ਕਾਲੇ ਬੱਦਲਾਂ ਵੱਲ ਵੇਖ ਕੇ, ਪੜ੍ਹੀ ਲਿਖੀ ਪਤਨੀ, ਰੋਮਾਂਟਿਕ ਮੂਡ ਜਿਹੇ ਵਿੱਚ ਆਪਣੇ ਪਤੀ ਨੂੰ ਕਹਿਣ ਲੱਗੀ, ''ਜ਼ਰਾ ਬਾਹਰ ਆ ਕੇ ਵੇਖੋ ਜੀ ਕਿੰਨੇ ਪਿਆਰੇ ਬੱਦਲ ਨੇ ਅਸਮਾਨ ਉੱਤੇ ਅਤੇ ਉਨ੍ਹਾਂ ਅੱਗੇ ਉਡਦੇ ਹੋਏ ਚਿੱਟੇ ਚਿੱਟੇ ਬਗਲੇ, ਖੂਬਸੂਰਤੀ ਨੂੰ ਹੋਰ ਵੀ ਚਾਰ ਚੰਨ ਲਾ ਰਹੇ ਨੇ।''

ਪਤੀ ਨੇ ਅੰਦਰੋਂ ਬਾਹਰ ਨਿਕਲ ਕੇ, ਬੱਦਲਾਂ ਵੱਲ ਵੇਖ ਕੇ ਚਿੰਤਾ ਜਿਹੀ ਜ਼ਾਹਰ ਕਰਦਿਆਂ ਕਿਹਾ, ''ਤੂੰ ਫਿਰ ਛੇਤੀ ਛੇਤੀ ਨਾਲ ਮੇਰੀ ਰੋਟੀ ਲਾਹ ਦੇ, ਜੇ ਕਿਤੇ ਇਹੇ ਕੰਜਰ ਦਾ ਵਰ੍ਹਨ ਲੱਗ ਪਿਆ ਤਾਂ ਮੇਰੀ ਅੱਜ ਦੀ ਦਿਹਾੜੀ ਮਰਜੂ, ਮੈਂ ਤਾਂ ਅਗਲਿਆਂ ਦੇ ਬਾਰ 'ਤੇ ਜਾ ਕੇ ਬੈਠਾਂ ਕੇਰਾਂ। ਤੈਨੂੰ ਤਾਂ ਪਤੈ, ਇੱਕ ਦਿਨ ਦੀ ਮਰੀ ਹੋਈ ਦਿਹਾੜੀ ਫੇਰ ਨਹੀਂ ਨਾਲ ਰਲਦੀ ਹੁੰਦੀ।'' ਉਹ ਡੋਰੂ ਵਾਂਗ ਹੱਥ ਘੁਮਾਉਂਦਾ ਹੋਇਆ, ਇਉਂ ਕਹਿ ਕੇ ਕਾਹਲੀ ਜਿਹੀ 'ਚ ਆਪਣਾ ਪਰਨਾ ਬੰਨ੍ਹਣ, ਅੰਦਰ ਨੂੰ ਚਲਾ ਗਿਆ।

''ਹੂੰ! ਅਨਪੜ੍ਹ, ਬੇਸਮਝ ਜਿਹੇ ਕਿਤੋਂ ਦੇ, ਪਤਾ ਨਹੀਂ ਕਦੋਂ ਸਮਝਣਾ ਕੁਝ?'' ਉਹ ਵੀ ਇਉਂ ਕਹਿ ਕੇ ਰੋਟੀ ਪਕਾਉਣ ਚੁੱਲ੍ਹੇ ਕੋਲ ਜਾ ਬੈਠੀ।

ਉਸ ਦੀ ਬੁੜ ਬੁੜ ਜਿਹੀ ਸੁਣ ਕੇ ਉਸ ਨੇ ਅੰਦਰੋਂ ਹੀ ਪੁੱਛਿਆ, ''ਤੂੰ ਕੁਝ ਕਿਹੈ?''

''ਕੁਸ਼ ਨੀ, ਮੈਂ ਕਿਹਾ ਲਾਹ ਦਿੰਨੀ ਆਂ ਰੋਟੀ। ਕਿਤੇ ਤੁਹਾਡੀ ਦਿਹਾੜੀ ਨਾ ਮਰ ਜੇ ਜਿਹਦੀ ਥੋਨੂੰ ਹਰ ਵਕਤ ਚਿੰਤਾ ਰਹਿੰਦੀ ਏ। ਹੋਰ ਭਾਵੇਂ ਕੋਈ ਨਿੱਤ ਮਰੀ ਜਾਵੇ, ਉਹਦਾ ਥੋਨੂੰ ਕੀ?'' ਇਉਂ ਕਹਿੰਦੀ ਹੋਈ, ਉਹ ਫਟਾਫਟ ਰੋਟੀ ਲਾਹੁਣ ਲੱਗ ਪਈ।

**-ਰਵਿੰਦਰ ਰੁਪਾਲ ਕੌਲਗੜ੍ਹ**

## ਸਹਾਰਾ

ਨਰਕ ਦੀ ਅੱਗ ਵਿੱਚ ਉਸ ਭਾਵੇਂ ਦੋ ਬੂੰਦਾਂ ਪਾਣੀ ਹੀ ਪਾਇਆ, ਪਰ ਉਹ ਕੁੱਝ ਕਤਰੇ ਹੀ ਕਾਫੀ ਸੀ ਅਗਲੀਆਂ ਕਈ ਸਦੀਆਂ ਇਹਨੂੰ ਸ਼ਾਂਤ ਰੱਖਣ ਲਈ। ਕੁੱਝ ਪਲ ਲਈ ਆਇਆ ਤੇ ਹਨੇਰੀ ਰਾਤ ਵਿੱਚ ਰੌਸ਼ਨੀ ਦੀ ਤਰ੍ਹਾਂ ਅਲੋਪ ਹੋ ਗਿਆ। ਸਿਰਹਾਣੇ ਵਿੱਚ ਆਇਆ ਉਭਾਰ ਉਸਦੇ ਬਹੁਤ ਸਮਾਂ ਪਹਿਲਾਂ ਚਲੇ ਜਾਣ ਦਾ ਸਮਾਂ ਨਿਸ਼ਚਿਤ ਕਰ ਚੁੱਕਾ ਸੀ। ਚਾਦਰ ਦੀ ਕਰਵਟ ਨੇ ਰਤਾ ਸਮਾਂ ਨਾ ਲਾਇਆ ਇਹ ਬਿਆਨ ਕਰਨ ਲਈ ਕਿ ਮੇਰੀ ਨੀਂਦ ਉਸਨੂੰ ਕਿੰਨੀ ਪਿਆਰੀ ਸੀ। ਦਰਵਾਜੇ ਦੀ ਚੀਕ ਨੇ ਮੈਨੂੰ ਪਾਸਾ ਤਾਂ ਦਵਾਇਆ, ਪਰ ਉਹਨਾਂ ਕੀਮਤੀ ਘੜੀਆਂ ਦੇ ਸੁਪਨੇ ਦੇ ਟੁੱਟ ਜਾਣ ਦੇ ਡਰ ਕਰਕੇ ਮੇਰੀ ਅੱਖ ਖੁੱਲਣੋਂ ਮੁੱਕਰ ਗਈ ਸੀ। ਭਾਵੇਂ ਉਹ ਮੇਰੇ ਜੀਵਨ ਦੀ ਬਸ ਇੱਕ ਬਿਹਾਰੀ ਸੀ। ਭਾਵੇਂ ਉਹ ਮੇਰੇ ਲਈ ਸਿਰਫ ਤੇ ਸਿਰਫ ਇੱਕ ਕਾਲਪਨਿਕ ਸੁਪਨੇ ਵਾਂਗ ਹੀ ਸੀ, ਪਰ ਉਹਦੀ ਏਨੀ ਕੁ ਦਖਲ ਅੰਦਾਜੀ ਹੀ ਕਾਫੀ ਸੀ ਮੈਨੂੰ ਅਗਲੇ ਦਿਨ ਦੀ ਅੱਗ ਦਾ ਤਾਪ ਝੱਲਣ ਲਈ।

# ਮਿਕਸ ਚੁਕੰਦਰ ਸੂਪ

ਸਮੱਗਰੀ-ਚੁਕੰਦਰ ਇੱਕ, ਗਾਜਰ ਦੋ, ਲਾਲ ਟਮਾਟਰ 1 ਕੱਟਿਆ ਹੋਇਆ, ਮੱਖਣ ਇੱਕ ਛੋਟਾ ਚਮਚ, ਲਸਣ ਦਾ ਪੇਸਟ ਅੱਧਾ ਛੋਟਾ ਚਮਚ, ਕਾਲੀ ਮਿਰਚ ਪਾਊਡਰ-ਇੱਕ ਛੋਟਾ ਚਮਚ, ਨਿੰਬੂ ਦਾ ਰਸ ਅੱਧਾ ਚਮਚ, ਕਰੀਮ ਲੋੜ ਅਨੁਸਾਰ ਅਤੇ ਨਮਕ ਸਵਾਦ ਅਨੁਸਾਰ।

ਵਿਧੀ- ਚੁਕੰਦਰ ਅਤੇ ਗਾਜਰ ਛਿੱਲ ਕੇ ਕੱਟ ਕੇ ਉਬਾਲੋ। ਮਿਕਸਰ ਵਿੱਚ ਟਮਾਟਰ ਦੇ ਨਾਲ ਇਨ੍ਹਾਂ ਨੂੰ ਪੀਸ ਕੇ ਬਰੀਕ ਪੇਸਟ ਤਿਆਰ ਕਰ ਲਓ। ਛਾਣ ਕੇ ਗੁੱਦਾ ਅਤੇ ਰਸ ਅਲੱਗ ਅਲੱਗ ਕਰ ਲਓ। ਗਰਮ ਕੜਾਹੀ ਵਿੱਚ ਮੱਖਣ ਪਾਓ ਅਤੇ ਤੁਰੰਤ ਲਸਣ ਦਾ ਪੇਸਟ ਪਾ ਕੇ ਭੁੰਨੋ। ਫਿਰ ਚੁਕੰਦਰ ਅਤੇ ਗਾਜਰ ਦਾ ਪੇਸਟ ਮਿਲਾਓ। ਨਮਕ, ਕਾਲੀ ਮਿਰਚ ਅਤੇ ਨਤਾਰਿਆ ਹੋਇਆ ਰਸ ਪਾ ਕੇ ਉਬਾਲ ਆਉਣ ਤੱਕ ਪਕਾਓ। ਜਦ ਇਹ ਗਾੜ੍ਹਾ ਹੋ ਜਾਏ ਤਾਂ ਗੈਸ ਬੰਦ ਕਰ ਦਿਓ। ਉਪਰੋਂ ਨਿੰਬੂ ਦਾ ਰਸ ਮਿਲਾਓ। ਬਾਉਲ ਵਿੱਚ ਪਰੋਸੇ ਕੇ ਉਪਰੋਂ ਕਰੀਮ ਪਾਓ।

# ਆਨਲਾਇਨ ਪੜ੍ਹਾਈ ਤਾਂ ਜਰੂਰੀ ਹੋ ਗਈ

**(ਇੱਕ ਸਕਾਰਾਤਮਕ ਸੋਚ)**



ਲੇਖਕ : ਰਾਜੇਸ਼ ਕੁਮਾਰ ਭਗਤ
ਫੋਨ - 9872120435

ਪੜ੍ਹੋ - ਲਿਖੋ ਸਾਰੇ,
ਤੁਸੀ,ਅੱਗੇ ਵੱਧੋ ਬੱਚਿਓ।

ਦੱਸੋ? ਕਿਹੜੀ ਗੱਲ,
ਮਜਬੂਰੀ, ਹੋ ਗਈ।

ਸਕੂਲ ਭਾਵੇਂ ਪਏ,
ਅੱਜ ਬੰਦ,ਸਭੇ ਥਾਈਂ,

ਆਨਲਾਇਨ ਪੜ੍ਹਾਈ ਤਾਂ।
ਜਰੂਰੀ ਹੋ ਗਈ।

ਪੜ੍ਹੋ - ਲਿਖੋ ਸਾਰੇ,
ਤੁਸੀ,ਅੱਗੇ ਵੱਧੋ ਬੱਚਿਓ,

ਸਮਾਂ-ਸਾਰਣੀ ਪਹਿਲੇ ਜਿਹੀ,
ਬਣਾਲੋ ਬੱਚਿਓ।

ਅਧਿਆਪਕਾਂ ਦੀ ਗੱਲ ਪੱਲੇ,
ਤੁਸੀ, ਪਾ ਲੋ ਬੱਚਿਓ।

ਵਰਤੋ ਕਰੋ, ਫੋਨ ਦੀ ਵੀ,
ਲੋੜ ਦੇ ਮੁਤਾਬਕ ।

ਭਾਵੇਂ, ਤੁਹਾਨੂੰ ਫੋਨ ਦੀ,
ਮੰਜ਼ੂਰੀ ਹੋ ਗਈ।

ਪੜ੍ਹੋ - ਲਿਖੋ ਸਾਰੇ,
ਤੁਸੀ, ਅੱਗੇ ਵੱਧੋ ਬੱਚਿਓ,

ਆਨਲਾਇਨ ਪੜ੍ਹਾਈ ਤਾਂ,
ਜਰੂਰੀ ਹੋ ਗਈ।

ਨਵੀਆਂ, ਤਕਨੀਕਾਂ ਤੋਂ,
ਪੜ੍ਹਾਈ ਸਿੱਖ ਲੋ।

ਕਿਵੇਂ, ਪੀ. ਡੀ. ਐੱਫ, ਜਾਂਦੀ ਏ,
ਬਣਾਈ ਸਿੱਖ ਲੋ।

ਖੁਦ ਨੂੰ, ਹੁਣ ਕਾਬਲ,
ਬਣਾ ਲੋ ਬੱਚਿਓ।

ਨਵੀਂ ਸੋਚ ਰੱਖੋ, ਸਭ,
ਪਹਿਲੇ ਜਿਹਾ ਹੋਜੂ।

ਇਹ ਕੋਰੋਨਾ, ਕਾਹਤੋਂ ਮੱਥੇ ਦੀ,
ਤਿਊੜੀ ਹੋ ਗਈ।

ਪੜ੍ਹੋ - ਲਿਖੋ ਸਾਰੇ,
ਤੁਸੀ,ਅੱਗੇ ਵੱਧੋ ਬੱਚਿਓ,

ਆਨਲਾਇਨ ਪੜ੍ਹਾਈ ਤਾਂ,
ਜਰੂਰੀ ਹੋ ਗਈ।

ਆਨਲਾਇਨ ਪੜ੍ਹਾਈ ਤਾਂ,
ਜਰੂਰੀ ਹੋ ਗਈ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ.' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ । 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਆਪਣਾ ਮਨੋਰੋਗ ਕੇਂਦਰ ਅਤੇ ਮਾਹਰ ਡਾਕਟਰ ਹੋਣ ਦੇ ਬਾਵਜੂਦ ਬੈਂਗਲੌਰ ਤੋਂ ਸਹੂਲਤ ਕਿਉਂ? ਸੰਧਵਾਂ/ਚੰਦਬਾਜਾ

## ਪੁੱਛਿਆ ! ਆਪਣਾ ਖੁਦ ਦਾ ਮਨੋਰੋਗ ਵਿਭਾਗ ਸਿਹਤ ਕਾਮਿਆਂ ਲਈ ਸਮਰੱਥ ਨਹੀਂ?


ਗੁਰਪ੍ਰੀਤ ਸਿੰਘ ਚੰਦਬਾਜਾ


ਸ. ਕੁਲਤਾਰ ਸਿੰਘ ਸੰਧਵਾਂ

**ਕੋਟਕਪੂਰਾ।** ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਦੇ ਸੰਸਥਾਪਕ ਗੁਰਪ੍ਰੀਤ ਸਿੰਘ ਚੰਦਬਾਜਾ ਅਤੇ ਸੀਨੀਅਰ ਮੀਤ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ ਵਿਧਾਇਕ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈੱਲਥ ਸਾਇੰਸਿਜ ਫਰੀਦਕੋਟ ਵੱਲੋਂ ਕਰੋਨਾ ਮਹਾਂਮਾਰੀ ਦੌਰਾਨ ਲਗਾਤਾਰ ਕੰਮ ਕਰ ਰਹੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦੇ ਡਾਕਟਰਾਂ, ਸਿਹਤ ਕਰਮਚਾਰੀਆਂ ਤੋਂ ਇਲਾਵਾ ਇਸ ਖੇਤਰ ’ਚ ਕੰਮ ਕਰ ਰਹੇ ਹੋਰ ਸਿਹਤ ਕਾਮਿਆਂ ਨੂੰ ਤਣਾਅ ਮੁਕਤ ਕਰਨ ਲਈ ਸੁਵਿਧਾਵਾਂ ਨਾ ਦਿੱਤੇ ਜਾਣ ’ਤੇ ਗੰਭੀਰ ਸਵਾਲ ਚੁੱਕਦਿਆਂ ਕਿਹਾ ਕਿ ਯੂਨੀਵਰਸਿਟੀ ਵੱਲੋਂ ਸਿਹਤ ਕਰਮਚਾਰੀਆਂ ਨੂੰ ਤਣਾਅ ਮੁਕਤ ਕਰਨ ਅਤੇ ਉਨਾਂ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਦੇ ਹੱਲ ਲਈ ਹੈਲਪਲਾਈਨ ਸਥਾਪਿਤ ਕੀਤਾ ਹੈ, ਜੋ ਕਿ ਡਾਕਟਰਾਂ ਤੇ ਸਿਹਤ ਕਰਮੀਆਂ ਨੂੰ ਤਣਾਅ ਮੁਕਤ ਕਰਨ ਲਈ ਆਨਲਾਈਨ ਟ੍ਰੇਨਿੰਗ ਦੇਵੇਗਾ, ਜਿਸ ਲਈ ਬਕਾਇਦਾ ਇਕ ਸੰਸਥਾ ਜੋ ਕਿ ਬੈਂਗਲੌਰ ਦੀ ਹੈ, ਉਸ ਨਾਲ ਯੂਨੀਵਰਸਿਟੀ ਵੱਲੋਂ ਰਾਬਤਾ ਕਾਇਮ ਕਰਕੇ ਕਾਉਂਸਲਿੰਗ ਕਰਵਾਈ ਜਾਵੇਗੀ। ਉਹਨਾਂ ਆਖਿਆ ਕਿ ਉਕਤ ਮੁਹਿੰਮ ਉੱਪਰ ਸਵਾਲ ਉੱਠਣੇ ਸੁਭਾਵਿਕ ਹਨ, ਕਿਉਂਕਿ ਮੈਡੀਕਲ ਕਾਲਜ ਪਾਸ ਇੱਕ ਪੂਰੇ ਦਾ ਪੂਰਾ ਮਨੋਰੋਗ ਵਿਭਾਗ ਹੈ, ਜਿਸ ’ਚ ਮਾਨਸਿਕ ਰੋਗਾਂ ਦੇ ਸਾਰੇ ਪ੍ਰਬੰਧ ਹਨ, ਮਾਨਸਿਕ ਰੋਗੀਆਂ ਦੀ ਕਾਊਂਸਲਿੰਗ ਵਾਸਤੇ ਕਾਉਂਸਲਰ ਵੀ ਮੌਜੂਦ ਹਨ ਅਤੇ ਬਕਾਇਦਾ ਇਸ ਵਿਭਾਗ ’ਚ ਪੋਸਟ ਗ੍ਰੈਜੂਏਟ ਕੋਰਸ ਕਰਵਾ ਕੇ ਮਾਨਸਿਕ ਰੋਗਾਂ ਦੇ ਸਪੈਸ਼ਲਿਸਟ ਡਾਕਟਰ ਵੀ ਤਿਆਰ ਕੀਤੇ ਜਾਂਦੇ ਹਨ। ਇਨਾਂ ਸਾਰੀਆਂ ਸੁਵਿਧਾਵਾਂ ਅਤੇ ਮਾਹਿਰ ਡਾਕਟਰਾਂ ਦੇ ਹੁੰਦਿਆਂ ਵੀ ਜੇਕਰ ਬੈਂਗਲੌਰ ਦੀ ਕਿਸੇ ਪ੍ਰਾਈਵੇਟ ਸੰਸਥਾ ਕੋਲੋਂ ਸੇਵਾਵਾਂ ਲੈਣੀਆਂ ਪੈਂਦੀਆਂ ਹਨ ਤਾਂ ਇਹ ਯੂਨੀਵਰਸਿਟੀ ਅਤੇ ਕਾਲਜ ਪ੍ਰਸ਼ਾਸ਼ਨ ਦੀ ਨਲਾਇਕੀ ਨੂੰ ਸਾਫ਼ ਜ਼ਾਹਿਰ ਕਰਦਾ ਹੈ, ਜੇਕਰ ਐਨੀਆਂ ਸੁਵਿਧਾਵਾਂ ਹੋਣ ਦੇ ਬਾਵਜੂਦ ਵੀ ਕੋਰੋਨਾ ’ਚ ਕੰਮ ਕਰ ਰਹੇ ਡਾਕਟਰਾਂ ਅਤੇ ਸਟਾਫ ਨੂੰ ਇੱਥੇ ਕਾਊਂਸਲਿੰਗ ਜਾਂ ਸਹਾਇਤਾ ਨਹੀਂ ਦਿੱਤੀ ਜਾ ਸਕਦੀ ਤਾਂ ਫੋਨ ਉੱਪਰ ਕਿੰਨੀ ਕੁ ਮੱਦਦ ਉਨਾਂ ਨੂੰ ਮਿਲ ਸਕੇਗੀ ਇਹ ਆਪਣੇ ਆਪ ’ਚ ਸਵਾਲੀਆ ਨਿਸ਼ਾਨ ਹੈ। ਸੰਧਵਾਂ ਅਤੇ ਚੰਦਬਾਜਾ ਨੇ ਦੁਹਰਾਇਆ ਕਿ ਮੈਡੀਕਲ ਹਸਪਤਾਲ ਕੋਲ ਆਪਣੇ ਹੀ ਡਾਕਟਰ ਤੇ ਸਟਾਫ ਨੂੰ ਕਾਊਂਸਲਿੰਗ ਅਤੇ ਉਨਾਂ ਦੀ ਮਾਨਸਿਕ ਸਥਿੱਤੀ ਨੂੰ ਠੀਕ ਰੱਖਣ ਵਾਸਤੇ ਪ੍ਰਬੰਧ ਨਹੀਂ ਹਨ ਤਾਂ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਪ੍ਰਦੇਸ਼ ’ਚ ਦੋ ਹੋਰ ਮੈਡੀਕਲ ਕਾਲਜ ਹਨ। ਉਨਾਂ ਕਿਹਾ ਕਿ ਅੰਮ੍ਰਿਤਸਰ ਅਤੇ ਪਟਿਆਲਾ ’ਚ ਵੀ ਮਾਨਸਿਕ ਰੋਗਾਂ ਦੇ ਵਿਭਾਗ ਬਣੇ ਹੋਏ ਹਨ। ਉਨਾਂ ਦੀਆਂ ਸੇਵਾਵਾਂ ਲੈ ਕੇ ਫਰੀਦਕੋਟ ਮੈਡੀਕਲ ਕਾਲਜ ਦੇ ਡਾਕਟਰਾਂ ਅਤੇ ਸਟਾਫ ਨੂੰ ਸਹਾਇਤਾ ਮੁਹੱਈਆ ਕਰਵਾਈ ਜਾ ਸਕਦੀ ਹੈ, ਇਸ ਬਾਬਤ ਉਹ ਇਹ ਮੁੱਦਾ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਓ.ਪੀ. ਸੋਨੀ ਅਤੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਕੋਲ ਵੀ ਚੁੱਕਣਗੇ ਤਾਂ ਕਿ ਫ਼ਰੀਦਕੋਟ ਅੰਦਰ ਕੰਮ ਕਰ ਰਹੇ ਸਾਰੇ ਸਟਾਫ ਅਤੇ ਕਾਮਿਆਂ ਨੂੰ ਮਾਨਸਿਕ ਰੋਗਾਂ ਪ੍ਰਤੀ ਸੁਵਿਧਾਵਾਂ ਇੱਥੇ ਹੀ ਮਿਲ ਸਕਣ। ਜ਼ਿਕਰਯੋਗ ਹੈ ਕਿ ਬਾਬਾ ਫਰੀਦ ਯੂਨੀਵਰਸਿਟੀ ਹੈਲਥ ਸਾਇੰਸਿਜ ਵੱਲੋਂ ਬੈਂਗਲੌਰੂ ਦੀ ਸੰਸਥਾ ਮੁਕਤਾ ਫਾਊਂਡੇਸ਼ਨ ਦੇ ਮਨੋਵਿਗਿਆਨੀਆਂ ਨਾਲ ਮਿਲ ਕੇ ਵੱਲੋਂ ਡਾਕਟਰਾਂ ਨੂੰ ਹੈਲਪਲਾਈਨ ਰਾਹੀਂ ਕਾਊਂਸਲਿੰਗ ਸੇਵਾਵਾਂ ਦਿੱਤੀਆਂ ਜਾਣਗੀਆਂ।

# 50 ਗ੍ਰਾਮ ਹੈਰੋਇਨ ਸਮੇਤ ਇਕ ਗ੍ਰਿਫਤਾਰ,ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਥਾਣਾ ਗੁਰੂਹਰਸਹਾਏ ਦੀ ਪੁਲਿਸ ਨੇ ਗਸ਼ਤ ਅਤੇ ਛਾਪੇਮਾਰੀ ਦੌਰਾਨ ਇਕ ਵਿਅਕਤੀ ਕੋਲੋਂ 50 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਐਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਮੁੱਖ ਅਫਸਰ ਜਸਵਰਿੰਦਰ ਸਿੰਘ ਨੇ ਦੱਸਿਆ ਕਿ ਏਐੱਸਆਈ ਹਰਨੇਕ ਸਿੰਘ ਦੀ ਅਗਵਾਈ ਵਿਚ ਪੁਲਿਸ ਪਾਰਟੀ ਬੀਤੀ ਸ਼ਾਮ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਮੇਨ ਬਾਜ਼ਾਰ ਗੁਰ-ਦੁਆਰਾ ਬੇਰ ਸਾਹਿਬ ਕੋਲ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਲਾਡੀ ਪੁੱਤਰ ਮਹਿੰਦਰ ਪਾਲ ਵਾਸੀ ਸ਼ਰੀਹ ਵਾਲਾ ਰੋਡ, ਉਤਲਾ ਵੇਹੜਾ ਹੈਰੋਨਿ ਵੇਚਣ ਦਾ ਧੰਦਾ ਕਰਦਾ ਹੈ ਤੇ ਅੱਜ ਵੀ ਆਪਣੇ ਘਰ ਦੇ ਨੇੜੇ ਗਲੀ ਵਿਚ ਖੜਾ ਹੈਰੋਇਨ ਵੇਚਣ ਲਈ ਗ੍ਰਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ। ਪੁਲਿਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਤੇ ਇਸ ਕੋਲੋਂ 50 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਿਸ ਨੇ ਦੱਸਿਆ ਕਿ ਉਕਤ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਚੋਰੀ ਦੇ ਮੋਟਰਸਾਈਕਲ ਸਮੇਤ ਚੜਿਆ ਪੁਲਿਸ ਅੜਿੱਕੇ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਿਸ ਨੇ ਗਸ਼ਤ ਅਤੇ ਛਾਪੇਮਾਰੀ ਦੌਰਾਨ ਚੋਰੀ ਦੇ ਇਕ ਮੋਟਰਸਾਈਕਲ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ 379, 411 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਜੰਗ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੀ ਸ਼ਾਮ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਜ਼ੀਰਾ ਗੇਟ ਸਿਟੀ ਫਿਰੋਜ਼ਪੁਰ ਵਿਖੇ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਅਮਰੀਕ ਸਿੰਘ ਪੁੱਤਰ ਰਾਜ ਕੁਮਾਰ ਵਾਸੀ ਜੰਤਾ ਪ੍ਰੀਤ ਨਗਰ ਮੋਟਰਸਾਈਕਲ ਚੋਰੀ ਕਰਨ ਦਾ ਆਦੀ ਹੈ ਤੇ ਅੱਜ ਵੀ ਦਾਣਾ ਮੰਡੀ ਵਿਖੇ ਚੋਰੀ ਦਾ ਮੋਟਰਸਾਈਕਲ ਵੇਚਣ ਲਈ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ। ਪੁਲਿਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਤੇ ਇਸ ਕੋਲੋਂ 1 ਮੋਟਰਸਾਈਕਲ ਸਪਲੈਂਡਰ ਰੰਗ ਕਾਲਾ ਬਿਨ੍ਹਾ ਨੰਬਰੀ ਬਰਾਮਦ ਹੋਇਆ। ਪੁਲਿਸ ਨੇ ਦੱਸਿਆ ਕਿ ਉਕਤ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

-------------------

# ਅਣਪਛਾਤੇ ਵਿਅਕਤੀਆਂ ਵੱਲੋਂ ਘਰ ਅੰਦਰ ਦਾਖਲ ਹੋ ਕੇ ਕੀਤੀ 12 ਬੋਰ ਦੀ ਬੰਦੂਕ ਚੋਰੀ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਥਾਣਾ ਆਰਿਫ ਕੇ ਦੇ ਅਧੀਨ ਆਉਂਦੇ ਪਿੰਡ ਬੱਗੇ ਵਾਲਾ ਵਿਖੇ ਇਕ ਵਿਅਕਤੀ ਦੇ ਘਰ ਵਿਚੋਂ ਅਣਪਛਾਤੇ ਵਿਅਕਤੀਆਂ ਵੱਲੋਂ 12 ਬੋਰ ਦੀ ਬੰਦੂਕ ਸਿੰਗਲ ਬੇਰਲ ਚੋਰੀ ਕਰਨ ਦੀ ਖਬਰ ਮਿਲੀ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਬਾਜ ਸਿੰਘ ਪੁੱਤਰ ਕਾਬਲ ਸਿੰਘ ਵਾਸੀ ਬੱਗੇ ਵਾਲਾ ਨੇ ਦੱਸਿਆ ਕਿ ਮਿਤੀ 15-16 ਮਈ 2021 ਦੀ ਦਰਮਿਆਨੀ ਰਾਤ ਨੂੰ ਅਣਪਛਾਤੇ ਵਿਅਕਤੀਆਂ ਨੇ ਉਸ ਦੇ ਘਰ ਦਾਖਲ ਹੋ ਕੇ 12 ਬੋਰ ਦੀ ਬੰਦੂਕ ਸਿੰਗਲ ਬੈਰਲ ਨੰਬਰੀ 4548-70 ਚੋਰੀ ਕਰਕੇ ਲੈ ਗਏ ਹਨ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਸਤਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ 457, 380 ਆਈਪੀਸੀ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

# ਵਿਧਵਾ ਦੇ ਹਿੱਸੇ ਆਉਦੀ ਜਮੀਨ ਉਸਦੇ ਸਹੁਰਿਆਂ ਕਿਸੇ ਹੋਰ ਦੇ ਨਾਮ ਤੇ ਕਰਨ ਦੇ ਦੋਸ਼ ਵਿੱਚ ਮੁਕੱਦਮਾ ਦਰਜ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਥਾਣਾ ਘੱਲਖੁਰਦ ਦੇ ਅਧੀਨ ਆਉਂਦੇ ਪਿੰਡ ਸੋਢੀ ਨਗਰ ਹਾਲ ਰੱਖੜੀ ਖੁਸ਼ਹਾਲ ਸਿੰਘ ਵਾਲਾ ਵਿਚ ਰਹਿਣ ਵਾਲਾ ਇਕ ਵਿਧਵਾ ਦੇ ਹਿੱਸੇ ਆਉਂਦੀ ਜ਼ਮੀਨ ਉਸ ਦੇ ਸਹੁਰੇ ਪਰਿਵਾਰ ਵੱਲੋਂ ਕਿਸੇ ਹੋਰ ਔਰਤ ਦੇ ਨਾਮ 'ਤੇ ਕਰਵਾਉਣ ਦੇ ਦੋਸ਼ ਵਿਚ ਪੁਲਿਸ ਨੇ 5 ਲੋਕਾਂ ਖਿਲਾਫ 419, 420, 465, 467, 468, 471, 120-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਦਲਜੀਤ ਕੌਰ ਪਤਨੀ ਸਵ. ਇੰਦਰਜੀਤ ਸਿੰਘ ਪੁੱਤਰੀ ਕਸ਼ਮੀਰ ਸਿੰਘ ਵਾਸੀ ਸੋਢੀ ਨਗਰ ਹਾਲ ਰੱਖੜੀ ਖੁਸ਼ਹਾਲ ਸਿੰਘ ਵਾਲਾ ਨੇ ਦੱਸਿਆ ਕਿ ਉਸ ਦਾ ਵਿਆਹ 2012 ਵਿਚ ਇੰਦਰਜੀਤ ਸਿੰਘ ਪੁੱਤਰ ਮਲਕੀਤ ਸਿੰਘ ਨਾਲ ਹੋਇਆ ਸੀ। ਇੰਦਰਜੀਤ ਸਿੰਘ ਨੂੰ ਭਰਾਵੀਂ ਵੰਡ ਤੋਂ 6 ਕਿੱਲੇ 4 ਕਨਾਲ 12 ਮਰਲੇ ਜ਼ਮੀਨ ਆਉਂਦੀ ਸੀ ਤੇ ਇੰਦਰਜੀਤ ਸਿੰਘ ਦੀ ਮੌਤ ਮਿਤੀ 2 ਜੂਨ 2019 ਨੂੰ ਪਾਣੀ ਵਿਚ ਡੁੱਬਣ ਕਰਕੇ ਹੋ ਗਈ ਸੀ। ਦਲਜੀਤ ਕੌਰ ਨੇ ਦੱਸਿਆ ਕਿ ਉਸ ਦਾ ਸਹੁਰਾ ਪਰਿਵਾਰ ਉਸ ਦਾ ਬਣਦਾ ਹਿੱਸਾ ਨਹੀਂ ਦਿੰਦਾ ਸੀ ਤੇ ਉਲਟਾ ਸੁਖਵੰਤ ਕੌਰ ਪਤਨੀ ਮਲਕੀਤ ਸਿੰਘ ਨੇ ਮਿਤੀ 30 ਮਾਰਚ 2005 ਨੂੰ ਇੰਦਰਜੀਤ ਸਿੰਘ ਦੇ ਜਾਅਲੀ ਦਸਤਖਤ ਕਰਕੇ ਇਕ ਵਸੀਅਤ ਨਾਇਬ ਤਹਿਸੀਲਦਾਰ ਮਮਦੋਟ ਤੋਂ ਗਲਤ ਵਸੀਕਾ ਨੰਬਰ ਲਾ ਕੇ ਰਜਿਸਟਡ ਕੀਤੀ। ਇਸ ਵਸੀਅਤ ਦੇ ਆਧਾਰ ਤੇ ਬੱਗੜ ਨੰਬਰਦਾਰ ਵੱਲੋਂ ਕੁਰਸੀਨਾਮਾ ਤਸਦੀਕ ਕਰਨ ਤੇ ਇਸ ਜ਼ਮੀਨ ਦਾ ਇੰਤਕਾਲ ਸੁਖਵੰਤ ਕੌਰ ਨੇ ਆਪਣੇ ਨਾਮ ਕਰਵਾ ਲਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਧਰਮ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਪੜਤਾਲ ਕਰਨ ਤੋਂ ਬਾਅਦ ਦੋਸ਼ੀ ਸੁਖਵੰਤ ਕੌਰ, ਮਲਕੀਤ ਸਿੰਘ ਪੁੱਤਰ ਸੋਹਣ ਸਿੰਘ, ਕੁਲਵਿੰਦਰ ਸਿੰਘ ਪੁੱਤਰ ਮਲਕੀਤ ਸਿੰਘ, ਬੱਗੜ ਨੰਬਰਦਾਰ ਪੁੱਤਰ ਅਨੈਤ ਵਾਸੀਅਨ ਸੋਢੀ ਨਗਰ ਅਤੇ ਦੇਵ ਰਾਜ ਨੰਬਰਦਾਰ ਵਾਸੀ ਫਿਰੋਜ਼ਪੁਰ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਹੋਰ ਦਾਜ ਮੰਗਣ ਅਤੇ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਵਿੱਚ ਸਹੁਰੇ ਪਰਿਵਾਰ ਦੇ ਤਿੰਨ ਮੈਂਬਰਾਂ ਖਿਲਾਫ ਹੋਇਆ ਮੁਕੱਦਮਾ ਦਰਜ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਅਤੇ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਵਿਚ ਥਾਣਾ ਵੂਮੈਨ ਦੀ ਪੁਲਿਸ ਨੇ ਵਿਆਹੁਤਾ ਦੇ ਸਹੁਰੇ ਪਰਿਵਾਰ ਦੇ ਤਿੰਨ ਮੈਂਬਰਾਂ ਖਿਲਾਫ 498-ਏ, 406 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਗੁਰਕੀਰਤ ਸਿੰਘ ਪੁੱਤਰ ਜਗਦੀਸ਼ ਸਿੰਘ ਵਾਸੀ ਗੋਬਿੰਦ ਨਗਰੀ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਦੀ ਲੜਕੀ ਅਮਨਦੀਪ ਕੌਰ ਦਾ ਵਿਆਹ ਦੋਸ਼ੀ ਅਮਰਜੀਤ ਸਿੰਘ ਉਰਫ ਪ੍ਰਿੰਸ ਪੁੱਤਰ ਬਲਬੀਰ ਸਿੰਘ ਵਾਸੀ ਫਰੀਦਾਬਾਦ ਨਾਲ ਮਿਤੀ 22 ਅਕਤੂਬਰ 2018 ਨਾਲ ਹੋਇਆ ਸੀ। ਗੁਰਕੀਰਤ ਸਿੰਘ ਨੇ ਦੱਸਿਆ ਕਿ ਦੋਸ਼ੀਅਨ ਉਸ ਦੀ ਲੜਕੀ ਅਮਨਦੀਪ ਕੌਰ ਨੂੰ ਤੰਗ ਪ੍ਰੇਸ਼ਾਨ ਕਰਦੇ ਹਨ ਤੇ ਹੋਰ ਦਾਜ ਵਿਚ 7 ਲੱਖ ਰੁਪਏ ਜਾਂ ਕਾਰ ਦੀ ਮੰਗ ਕਰਦੇ ਹਨ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਤਰਲੋਕ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਵਿਆਹੁਤਾ ਦੇ ਪਤੀ ਅਮਰਜੀਤ ਸਿੰਘ, ਸਹੁਰਾ ਬਲਬੀਰ ਸਿੰਘ ਪੁੱਤਰ ਕੇਹਰ ਸਿੰਘ ਅਤੇ ਸਰਬਜੀਤ ਸਿੰਘ ਉਰਫ ਦੀਪੂ ਪੁੱਤਰ ਬਲਵੀਰ ਸਿੰਘ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਮੁਕੇਰੀਆਂ ਦੇ ਹਰਸਾ ਮਾਨਸਰ ਕੰਟੇਨਮੈਂਟ ਜੋਨ ਅੰਦਰ ਆਉਣ ਕਰਕੇ ਪੂਰਾ ਪਿੰਡ ਸੀਲ ਕੀਤਾ ਗਿਆ



**ਮੁਕੇਰੀਆਂ, ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਬਲਾਕ ਹਾਜੀਪੁਰ ਅੰਦਰ ਪੈਂਦੀ ਸੀ ਐੱਚ ਸੀ ਬੁੱਢਾਵੜ ਅਧੀਨ ਪੈਂਦੇ ਪਿੰਡ ਹਰਸਾ ਮਾਨਸਰ ਵਿੱਚ ਕੋਵਿਡ 19 ਦੇ ਇਕੋ ਸਮੇਂ 19 ਪੋਜਟਿਵ ਕੇਸ ਮਿਲਣ ਕਰਕੇ ਅਤੇ ਡੀ ਸੀ ਹੁਸ਼ਿਆਰਪੁਰ ਅਪਨੀਤ ਰਿਆਤ ਜੀ ਦੇ ਹੁਕਮਾਂ ਅਨੁਸਾਰ ਇਸ ਜਗਾ ਨੂੰ ਕੰਟਨਮੈਂਟ ਜੋਨ ਅੰਦਰ ਰੱਖਣ ਕਰਨ ਸੀ ਐੱਚ ਸੀ ਬੁੱਢਾਵੜ ਦੇ ਸੀਨੀਅਰ ਮੈਡੀਕਲ ਅਫਸਰ ਡਾ ਹਰਜੀਤ ਸਿੰਘ ਅਤੇ ਡੀ ਐੱਸ ਪੀ ਮੁਕੇਰੀਆਂ ਦੀ ਅਗਵਾਈ ਹੇਠ ਹਰਸਾ ਮਾਨਸਰ ਪਿੰਡ ਨੂੰ ਪੂਰੀ ਤਰਾਂ ਸੀਲ ਕਰ ਦਿੱਤਾ ਗਿਆ। ਇਸ ਵਾਰੇ ਜਾਣਕਾਰੀ ਦਿੰਦੇ ਹੋਏ ਬੁੱਢਾਵੜ ਦੇ ਹੈਲਥ ਇੰਸਪੈਕਟਰ ਰਾਜਦੀਪ ਸਿੰਘ ਨੇ ਦੱਸਿਆ ਕਿ ਇਸ ਪਿੰਡ ਵਿੱਚ ਇਕੋ ਵਾਰ 19 ਲੋਕ ਕਰੋਨਾ ਪੋਜਟਿਵ ਆਉਣ ਕਰਕੇ ਅਤੇ ਇਸ ਪਿੰਡ ਦੇ ਲੋਕ ਬਾਹਰ ਜਾ ਕੇ ਕਿਸੇ ਹੋਰ ਵਿਅਕਤੀਆਂ ਨੂੰ ਸੰਕ੍ਰਮਣ ਨਾ ਕਰ ਦੇਣ ਅਤੇ ਕੋਵਿਡ 19 ਦੇ ਫੈਲਾਅ ਨੂੰ ਰੋਕਣ ਲਈ ਮਾਨਯੋਗ ਡੀ ਸੀ ਸਾਹਿਬਾ ਦੇ ਹੁਕਮ ਅਨੁਸਾਰ ਇਸ ਪਿੰਡ ਨੂੰ ਪੂਰੀ ਤਰਾਂ ਸੀਲ ਕਰ ਦਿਤਾ ਗਿਆ ਹੈ। ਹੁਣ ਇਹ ਪਿੰਡ ਸਿਹਤ ਵਿਭਾਗ ਦੀ ਨਿਗਰਾਨੀ ਵਿੱਚ ਰਹੇਗਾ ਅਤੇ ਇਸ ਪਿੰਡ ਦੇ ਬਾਕੀ ਲੋਕਾਂ ਦੇ ਵੀ ਟੈਸਟ ਕੀਤੇ ਜਾਣਗੇ ਇਹਨਾਂ ਪੋਜਟਿਵ ਆਏ ਲੋਕਾਂ ਨੂੰ ਪੂਰੀ ਡਾਕਟਰੀ ਮਦਦ ਦਿੱਤੀ ਜਾਵੇਗੀ। ਇਸ ਮੌਕੇ ਪੁਲਿਸ ਚੌਕੀ ਇੰਚਾਰਜ ਬਲਵੰਤ ਸਿੰਘ, ਹੈਲਥ ਇੰਸਪੈਕਟਰ ਰਣਜੀਤ ਸਿੰਘ ਅਤੇ ਫਾਰਮਿਸਟ ਸਤਿੰਦਰ ਸਿੰਘ, ਪਿੰਡ ਦੇ ਸਰਪੰਚ ਅਤੇ ਪਿੰਡ ਦੇ ਮੋਹਤਬਰ ਬੰਦਿਆਂ ਦੀ ਹਾਜਰੀ ਵਿੱਚ ਇਹ ਪਿੰਡ ਸੀਲ ਕੀਤਾ ਗਿਆ।

# ਧਰਮਸ਼ਾਲਾ ਨੂੰ 4 ਲੱਖ ਰੁਪਏ ਦੀ ਗ੍ਰਾਂਟ ਅਤੇ 10 ਲੱਖ ਰਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਕੰਮ ਸ਼ੁਰੂ ਕਰਵਾਇਆ





**ਕਰਤਾਰਪੁਰ ( ਜਸਵੰਤ ਵਰਮਾ, ਦਿਨੇਸ਼ )** ਹਲਕਾ ਵਿਧਾਇਕ ਚੋਧਰੀ ਸੁਰਿੰਦਰ ਸਿੰਘ ਨੇ ਅੱਜ ਸ਼੍ਰੀ ਗੁਰੂ ਰਵਿਦਾਸ ਧਰਮਸ਼ਾਲਾ ਆਰੀਆ ਨਗਰ ਕਰਤਾਰਪੁਰ ਨੂੰ 4 ਲੱਖ ਰੁਪਏ ਦਾ ਗ੍ਰਾਂਟ ਸੈਕਸ਼ਨ ਪੱਤਰ ਭੇਂਟ ਕੀਤਾ। ਇਸ ਦੇ ਨਾਲ ਹੀ ਆਰੀਆ ਨਗਰ ਦੀ ਲਗਭਗ 15 ਲੱਖ ਰੁਪਏ ਦੀ ਲਾਗਤ ਨਾਲ ਬਣ ਰਹੀ ਸੜਕ ਤੇ ਪ੍ਰਿਮਿਕਸ ਪਾਉਣ ਦੇ ਕੰਮ ਦੀ ਸ਼ੁਰੂਆਤ ਰੀਬਨ ਕੱਟ ਕੇ ਕਰਵਾਈ। ਇਸ ਮੋਕੇ ਧਰਮਸ਼ਾਲਾ ਕਮੇਟੀ ਵਲੋਂ ਵਿਧਾਇਕ ਚੋਧਰੀ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੋਕੇ ਸ਼੍ਰੀ ਗੁਰੂ ਰਵਿਦਾਸ ਨੋਜਵਾਨ ਸਭਾ ਦੇ ਪ੍ਰਧਾਨ ਨਰਿੰਦਰ ਪਾਲ, ਸ਼੍ਰੀ ਗੁਰੂ ਰਵਿਦਾਸ ਧਰਮਸ਼ਾਲਾ ਕਮੇਟੀ ਦੇ ਪ੍ਰਧਾਨ ਚਰਨਜੀਤ ਲੱਕੀ, ਚੇਅਰਮੈਨ ਰਾਮਪਾਲ, ਕੈਸ਼ੀਅਰ ਰਵਿੰਦਰ ਕੁਮਾਰ ਬੱਗੂ, ਨਗਰ ਕੌਂਸਲ ਦੇ ਪ੍ਰਧਾਨ ਪ੍ਰਿੰਸ ਅਰੋੜਾ, ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜ ਕੁਮਾਰ ਅਰੋੜਾ, ਕੌਂਸਲਰ ਸ਼ਾਮ ਸੁੰਦਰ ਪਾਲ, ਕੌਂਸਲਰ ਅਸ਼ੋਕ ਕੁਮਾਰ, ਨਗਰ ਕੌਂਸਲ ਦੇ ਵਇਸ ਪ੍ਰਧਾਨ ਬਾਲ ਮੁਕੰਦ ਬਾਲੀ, ਕੌਂਸਲਰ ਉਕਾਂਰ ਸਿੰਘ ਮਿੱਠੂ, ਸਿਟੀ ਕਾਂਗਰਸ ਪ੍ਰਧਾਨ ਵੇਦ ਪ੍ਰਕਾਸ਼, ਰਾਜ ਕੁਮਾਰ ਪਾਲ, ਮਾਸਟਰ ਦਵਿੰਦਰ ਕੁਮਾਰ, ਰਾਮਜੀ ਦਾਸ ਕਲੇਰ, ਸੰਸਾਰ ਚੰਦ, ਗੁਰਦੀਪ ਸਿੰਘ ਮਿੰਟੂ, ਸ਼ੇਰ ਸਿੰਘ ਨੰਦਰਾ, ਹਰੀ ਪਾਲ, ਮੰਯਕ ਗੁਪਤਾ, ਸਖੀ ਚੰਦ, ਡੀਐਸਪੀ ਸੁੱਖਪਾਲ ਸਿੰਘ ਰੰਧਾਵਾ ਆਦਿ ਹਾਜਰ ਸਨ।

# ਬੀਬੀ ਜਗੀਰ ਕੌਰ ਜਿਸ ਅਵਾਰਡ ਨੂੰ ਲੈ ਕੇ ਵਾਹ ਵਾਹ ਖੱਟਣ ’ਤੇ ਪੱਬਾਂ ਭਾਰ ਹੈ ਉਹ ਕੁਲਚੇ ਵਾਲਾ ਪਹਿਲਾਂ ਹਾਸਲ ਕਰ ਚੁੱਕਿਆ ਹੈ : ਪ੍ਰੋ: ਸਰਚਾਂਦ ਸਿੰਘ

## ਸ਼੍ਰੋਮਣੀ ਕਮੇਟੀ ਪ੍ਰਧਾਨ ਝੂਠੀ ਸ਼ੁਹਰਤ ਅਤੇ ਖ਼ੁਸ਼ਾਮਦੀ ਲੋਕਾਂ ਦੇ ਘੇਰੇ ਤੋਂ ਨਿਕਲ ਕੇ ਦੇਸ਼ ਵਿਦੇਸ਼ਾਂ ’ਚ ਸਿੱਖ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕੱਢਣ ਪ੍ਰਤੀ ਯਤਨਸ਼ੀਲ ਹੋਣ





**ਅੰਮ੍ਰਿਤਸਰ ( ਕੁਲਵੰਤ ਸਿੰਘ ਵਿਰਦੀ )** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਆਪਣੇ ਅਹੁਦੇ ਦੇ ਮਾਣ ਸਨਮਾਨ ਨੂੰ ਬਰਕਰਾਰ ਰਖਣ ਦੀ ਲੋੜ ’ਤੇ ਜ਼ੋਰ ਦਿੰਦਿਆਂ ਫੈਡਰੇਸ਼ਨ ਆਗੂ ਪ੍ਰੋ: ਸਰਚਾਂਦ ਸਿੰਘ ਨੇ ਕਿਹਾ ਕਿ ਜਿਸ ਅਵਾਰਡ ਨੂੰ ਲੈ ਕੇ ਸਿਖ ਕੌਮ ਦੀ ਮਹਾਨ ਸੰਸਥਾ ਦੇ ਪ੍ਰਧਾਨ ਬੀਬੀ ਜਗੀਰ ਕੌਰ ਵਾਹ ਵਾਹ ਖੱਟਣ ’ਤੇ ਪੱਬਾਂ ਭਾਰ ਹੋ ਰਹੀ ਹੈ ਉਹ ਅਵਾਰਡ ਅੱਜ ਤੋਂ 5 ਮਹੀਨੇ ਪਹਿਲਾਂ ਕੁਲਚੇ ਬਣਾਉਣ ਵਾਲਾ ਹਾਸਲ ਕਰ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਲੰਡਨ ਦੀ ਇਕ ਨਿੱਜੀ ਸੰਸਥਾ ਵਰਲਡ ਬੁੱਕ ਆਫ਼ ਰਿਕਾਰਡਜ਼ ਵੱਲੋਂ ਦਿੱਤੇ ਗਏ ’ਖ਼ੁਸ਼ਾਮਦੀ’ ਅਵਾਰਡ ਨੂੰ ਲੈ ਕੇ ਪ੍ਰਧਾਨ ਵੱਲੋਂ ਆਪਣੀ ਚੌਧਰ ਤੇ ਝੂਠੀ ਸ਼ੁਹਰਤ ਹਿਤ ਸ਼੍ਰੋਮਣੀ ਕਮੇਟੀ ਦੀ ਪ੍ਰਚਾਰ ਵਿੰਗ ਦੀ ਪੂਰੀ ਤਾਕਤ ਲਗਾ ਰਹੀ ਹੈ ਉਹ ਸੰਗਤ ਲਈ ਹੈਰਾਨੀਜਨਕ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸ਼ਹੀਦਾਂ ਦੀ ਉਹ ਸੰਸਥਾ ਹੈ ਜਿਸ ਨੂੰ ਵਜੂਦ ਵਿਚ ਲਿਆਉਣ ਲਈ ਸਿੱਖ ਕੌਮ ਨੇ ਅਨੇਕਾਂ ਸ਼ਹਾਦਤਾਂ ਤੇ ਕੁਰਬਾਨੀਆਂ ਕੀਤੀਆਂ ਹਨ। ਉਨ੍ਹਾਂ ਮਹਾਨ ਸ਼ਹੀਦਾਂ ਨੇ ਕਦੀ ਨਹੀਂ ਸੋਚਿਆ ਹੋਵੇਗਾ ਕਿ ਇਸ ਸੰਸਥਾ ਦੇ ਕਿਸੇ ਪ੍ਰਧਾਨ ਵੱਲੋਂ ਸਿਆਸੀ ਮਨੋਰਥ ਦੀ ਇੱਛਾ ਪੂਰਤੀ ਤੇ ਚੌਧਰ ਲਈ ਨੀਵੇਂ ਪੱਧਰ ਦੇ ਅਡੰਬਰ ਰਚੇ ਜਾਣਗੇ। ਇਸ ਤੋਂ ਪਹਿਲਾਂ ਲੰਡਨ ਦੀ ਉਕਤ ਸੰਸਥਾ ਵੱਲੋਂ ਅਜਿਹਾ ਅਵਾਰਡ’ਢਾਈ ਫੁੱਟ ਕੁਲਚਾ’ ਬਣਾਉਣ ਬਦਲੇ ’ਅੰਮ੍ਰਿਤਸਰੀ ਹਵੇਲੀ’ ਨੂੰ ਪਿਛਲੇ ਸਾਲ ਦਸੰਬਰ ’ਚ ਦਿਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਾਲ ਹੀ ਵਿਚ ਪੰਜ ਕੋਵਿਡ ਕੇਅਰ ਸੈਂਟਰ ਜਿਨ੍ਹਾਂ ’ਚ ਚਾਰ ਤਾਂ ਗੁਰਧਾਮਾਂ ਦੇ ਅੰਦਰ ਹੀ ਖੋਲੇ ਗਏ ਹਨ ਪਰ ਭੁਲੱਥ ਵਿਖੇ ਇਹ ਕਿਸੇ ਗੁਰੂਘਰ ਵਿਚ ਖੋਲੇ ਜਾਣ ਦੀ ਥਾਂ ਰਾਜਸੀ ਮਨੋਰਥ ਅਧੀਨ ਨਿੱਜੀ ਪੈਲੇਸ ਵਿਚ ਖੋਲ੍ਹਿਆ ਗਿਆ। ਕੀ ਇਹ ਗੁਰੂ ਕੇ ਖ਼ਜ਼ਾਨੇ ਦੀ ਵਰਤੋਂ ਕਰਦਿਆਂ ਆਪ ਜਾਂ ਆਪ ਦੇ ਪਰਿਵਾਰਕ ਮੈਂਬਰ ਵੱਲੋਂ ਵਿਧਾਨਸਭਾ ਚੋਣਾਂ ਲੜਨ ਦੀ ਤਿਆਰੀ ਜਾਂ ਆਪਣ ਜਕਸੇ ਚਹੇਤੇ ਨੂੰ ਵਿਤੀ ਲਾਭ ਪਹੁੰਚਾਉਣ ਲਈ ਤਾਂ ਨਹੀਂ? ਉਨ੍ਹਾਂ ਕਿਹਾ ਕਿ ਲੰਡਨ ਦੀ ਨਿਜੀ ਸੰਸਥਾ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਜੀ ਨੂੰ ਅਵਾਰਡ ਸ਼੍ਰੋਮਣੀ ਕਮੇਟੀ ਵੱਲੋਂ ਕੋਰੋਨਾ ਕਾਲ ਦੌਰਾਨ ਨਿਭਾਈਆਂ ਜਾ ਰਹੀਆਂ ਵਡਮੁੱਲੀਆਂ ਸੇਵਾਵਾਂ ਕਰਕੇ ਦਿਤਾ ਗਿਆ ਹੈ। ਜਿਸ ਦੇ ਉਹ ਪੰਜ ਮਹੀਨੇ ਪਹਿਲਾਂ ਪ੍ਰਧਾਨ ਬਣੇ ਹਨ। ਇਸ ਕੋਰੋਨਾ ਕਾਲ ਦੌਰਾਨ ਸ਼੍ਰੋਮਣੀ ਕਮੇਟੀ ਦੀ ਪੜਤਾਲੀਆ ਕਮੇਟੀ ਦੀ ਰਿਪੋਰਟ ’ਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਤੇ ਮੁਲਾਜ਼ਮ ਲੰਗਰ ਘਪਲੇ ਵਰਗੇ ਅਪਰਾਧ ’ਚ ਸ਼ਾਮਿਲ ਪਾਏ ਜਾਣ ਨਾਲ ਸ਼੍ਰੋਮਣੀ ਕਮੇਟੀ ਕਈ ਵਾਰ ਵਿਵਾਦਾਂ ’ਚ ਘਿਰੀ ਰਹੀ। ਉਨ੍ਹਾਂ ਕਿਹਾ ਕਿ ਕੋਰੋਨਾ ਕਾਲ ਦੌਰਾਨ ਸ਼੍ਰੋਮਣੀ ਕਮੇਟੀ ਸਮੇਤ ਦਿਲੀ ਕਮੇਟੀ, ਖ਼ਾਲਸਾ ਏਡ, ਦੇਸ਼ ਵਿਦੇਸ਼ ਦੀਆਂ ਹੋਰਨਾਂ ਸਿੱਖ ਸੰਸਥਾਵਾਂ, ਸਿੰਘ ਸਭਾਵਾਂ ਦੀ ਭੂਮਿਕਾ ਵੀ ਅਹਿਮ ਰਹੀ ਹੈ। ਅਖੀਰ ਚ ਉਨ੍ਹਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਝੂਠੀ ਸ਼ੁਹਰਤ ਅਤੇ ਖ਼ੁਸ਼ਾਮਦੀ ਲੋਕਾਂ ਦੇ ਘੇਰੇ ਤੋਂ ਬਾਹਰ ਨਿਕਲ ਕੇ ਠੋਸ ਨੀਤੀਆਂ ਤਹਿਤ ਵਿਸ਼ਵ ਪੱਧਰ ’ਤੇ ਸਿੱਖ ਕੌਮ ਦਾ ਨਾਮ ਰੌਸ਼ਨ ਕਰਨ ਅਤੇ ਦੇਸ਼ ਵਿਦੇਸ਼ਾਂ ’ਚ ਸਿੱਖ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕੱਢਣ ਪ੍ਰਤੀ ਯਤਨਸ਼ੀਲ ਹੋਣ ਦੀ ਸਲਾਹ ਦਿੱਤੀ।

# ਤਲਵਾੜਾ ਪ੍ਰੈਸ ਕਲੱਬ ਅਤੇ ਵੱਖ ਵੱਖ ਸਮਾਜ ਸੇਵੀ ਜਥੇਬੰਦੀਆਂ ਵਲੋਂ ਪੱਤਰਕਾਰ ਬਲਦੇਵ ਰਾਜ ਟੋਹਲੂ ਤੇ ਹੋਏ ਕਤੀਲਾਨਾ ਹਮਲੇ ਦੀ ਕੀਤੀ ਨਿੰਦਾ ਅਤੇ ਦੋਸ਼ੀਆਂ ਤੇ ਤੁਰੰਤ ਕਾਰਵਾਈ ਕਰਨ ਦੀ ਕੀਤੀ ਮੰਗ



**ਤਲਵਾੜਾ, ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਅੱਜ ਪੰਡਿਤ ਕਿਸ਼ੋਰੀ ਲਾਲ ਯਾਦਗਾਰ ਕਮੇਟੀ ਦਫ਼ਤਰ ਚ ਜਰਨਲਿਸਟ ਐਂਡ ਸੋਸ਼ਲਿਸਟ ਵੈਲਫੇਅਰ ਸੁਸਾਇਟੀ ( ਪ੍ਰੈਸ ਕਲੱਬ ਤਲਵਾੜਾ ) ਤਲਵਾੜਾ ਦੀ ਮੀਟਿੰਗ ਰਾਜੀਵ ਓਸ਼ੋ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਚ ਬੀਤੇ ਦਿਨੀਂ ਸੱਚੀਂ ਗੱਲ ਅਖਬਾਰ ਦੇ ਪੱਤਰਕਾਰ ਬਲਦੇਵ ਰਾਜ ਟੋਹਲੂ ਤੇ ਲੱਕੜ ਮਾਫੀਆ ਵੱਲੋਂ ਕੀਤੇ ਜਾਨਲੇਵਾ ਹਮਲੇ ਦੀ ਪੁਲਿਸ ਵੱਲੋਂ ਕੀਤੀ ਕਾਰਵਾਈ ਤੇ ਅਸੰਤੋਸ਼ ਪ੍ਰਗਟ ਕੀਤਾ। ਵਾਰਦਾਤ ਦੀ ਹਾਜਰ ਮੈਬਰਾਂ ਨੇ ਤਿੱਖੇ ਸ਼ਬਦਾਂ ਵਿਚ ਨਿਖੇਧੀ ਕੀਤੀ । ਪੱਤਰਕਾਰ ਭਾਈਚਾਰੇ ਨੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਅਪਨੀਤ ਰਿਆਤ, ਐੱਸ ਐੱਸ ਪੀ ਹੁਸ਼ਿਆਰਪੁਰ ਨਵਜੋਤ ਸਿੰਘ ਮਾਹਲ , ਆਦਿ ਤੋਂ ਪੱਤਰਕਾਰ ਬਲਦੇਵ ਰਾਜ ਟੋਹਲੂ ਤੇ ਕੀਤੇ ਕਾਤਲਾਨਾ ਹਮਲੇ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਇਰਾਦਾ ਕਤਲ ਦਾ ਮਾਮਲਾ ਦਰਜ ਕਰਨ ਦੀ ਮੰਗ ਕੀਤੀ । ਪ੍ਰੈਸ ਕਲੱਬ ਤਲਵਾੜਾ ਨੇ ਦੋਸ਼ੀਆਂ ਖਿਲਾਫ ਇਰਾਦਾ ਕਤਲ ਦਾ ਮਾਮਲਾ ਦਰਜ ਕਰ ਗ੍ਰਿਫਤਾਰ ਨਾ ਕਰਨ ਦੀ ਸੂਰਤ ਵਿਚ ਬੁਧਵਾਰ ਨੂੰ ਰੋਸ ਪ੍ਰਦਰਸ਼ਨ ਅਤੇ ਰੋਡ ਜਾਮ ਕਰਨ ਦੀ ਚੇਤਾਵਨੀ ਦਿੱਤੀ ਹੈ । ਇਸ ਮੌਕੇ ਰਾਕੇਸ਼ ਸ਼ਰਮਾ , ਰਮੇਸ਼ ਭਾਰਦਵਾਜ,ਬਿਕਰਮ ਕਟੋਚ , ਰਮਨ ਕੌਸ਼ਲ,ਬਲਦੇਵ ਰਾਜ ਟੋਹਲੂ, ਪਵਨ ਸ਼ਰਮਾ,ਜੋਤੀ ਗੌਤਮ , ਨਵਦੀਪ ਸਿੰਘ , ਵਿਸ਼ਾਲ ਕੋਕਰੀ, ਹਰਕਿਰਨ ਸਿੰਘ ਮਿੱਠੂ, ਪ੍ਰਵੀਨ ਸੋਹਲ,ਦੀਪਕ ਠਾਕੁਰ, ਸੁਰੇਸ਼ ਕੁਮਾਰ,ਹਰੀਸ਼ ਚੰਦਰ,ਮੁਕੇਸ਼ ਕੁਮਾਰ ਆਦਿ ਹਾਜਰ ਸਨ।

ਵੱਖ ਵੱਖ ਸਿਆਸੀ ਅਤੇ ਸਮਾਜਿਕ ਸੰਗਠਨਾਂ ਨੇ ਵੀ ਪਤਰਕਾਰ ਬਲਦੇਵ ਰਾਜ ਟੋਹਲੂ ਤੇ ਹੋਏ ਜਾਨਲੇਵਾ ਹਮਲੇ ਦੀ ਨਿਖੇਧੀ ਕੀਤੀ ਹੈ । ਸ਼੍ਰੋਮਣੀ ਅਕਾਲੀ ਦਲ ਬਾਦਲ ਤੋਂ ਰਾਜਗੁਲਜਿੰਦਰ ਸਿੰਘ ਸਿੱਧੂ, ਸਾਬਕਾ ਉਪ ਪ੍ਰਧਾਨ ਨਗਰ ਪੰਚ-ਾਇਤ ਤਲਵਾੜਾ ਅਮਰ ਪਾਲ ਜੌਹਰ, ਆਪ ਤੋਂ ਐਡ.ਕਰਮਵੀਰ ਘੁੰਮਣ, ਕਿਸ਼ੋਰੀ ਲਾਲ, ਪਹਿਲਵਾਨ ਨਿਰਮਲ ਸਿੰਘ, ਆਰਐਮਪੀਆਈ ਦੇ ਤਹਿਸੀਲ ਸਕੱਤਰ ਸਾਥੀ ਸ੍ਵਿ ਕੁਮਾਰ, ਸੀਪੀਆਈਐਮ ਤੋਂ ਸਾਥੀ ਸ਼ਮਸ਼ੇਰ ਸਿੰਘ , ਭਾਜਪਾ ਮੰਡਲ ਪ੍ਰਧਾਨ ਸੁਭਾਸ਼ ਕੁਮਾਰ ਉਰਫ ਬਿੱਟੂ, ਮੁਲਾਜ਼ਮ ਆਗੂ ਬੋਧ ਰਾਜ , ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਕਨਵੀਨਰ ਜਸਵੀਰ ਤਲਵਾੜਾ, ਜੀ ਟੀ ਯੂ ਆਗੂ ਨਰੇਸ਼ ਮਿੱਡਾ ਅਤੇ ਸ਼ਸ਼ੀਕਾਂਤ , ਪਸਸਫ ਆਗੂ ਰਾਜੀਵ ਸ਼ਰਮਾ , ਪੈਨਸ਼ਨਰ ਆਗੂ ਗਿਆਨ ਸਿੰਘ ਗੁਪਤਾ ਅਤੇ ਯੁਗਰਾਜ ਸਿੰਘ, ਦੇਸ਼ ਭਗਤ ਪੰਡਿਤ ਕਿਸ਼ੋਰੀ ਲਾਲ ਯਾਦਗਾਰ ਕਮੇਟੀ ਤੋਂ ਕੁੰਦਨ ਲਾਲ ਅਤੇ ਵਰਿੰਦਰ ਵਿੱਕੀ , ਸ੍ਰੀ ਗੁਰੂ ਰਵਿਦਾਸ ਸਭਾ ਤਲਵਾੜਾ ਤੋਂ ਪ੍ਰਧਾਨ ਜਗਦੇਵ ਸਿੰਘ , ਪੰਚਾਇਤ ਯੂਨੀਅਨ ਤਲਵਾੜਾ ਦੇ ਪ੍ਰਧਾਨ ਨਵਲ ਕਿਸ਼ੋਰ ਮਹਿਤਾ ਆਦਿ ਨੇ ਕਿਹਾ ਕਿ ਲੋਕਤੰਤਰ ਦਾ ਚੋਥਾ ਥੰਮ੍ਹ ਹੀ ਅਸੁਰੱਖਿਅਤ ਹੈ ਤਾਂ ਆਮ ਲੋਕ ਕਿੰਵੇ ਸੁਰੱਖਿਅਤ ਹੋ ਸਕਦੇ ਹਨ, ਉਨ੍ਹਾਂ ਪ੍ਰੈਸ ਕਲੱਬ ਤਲਵਾੜਾ ਨਾਲ ਇਕਜੁਟਤਾ ਜਾਹਿਤ ਕੀਤੀ । ਸਮਾਜਿਕ ਅਤੇ ਸਿਆਸੀ ਸੰਗਠਨਾਂ ਦੇ ਆਗੂਆਂ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰ ਬਣਦੀ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ।

# ਸਮਾਜ ਸੇਵੀ ਸੰਸਥਾਵਾਂ ਅਤੇ ਹਸਤੀਆਂ ਵਲੋਂ ਦਿੱਤਾ ਜਾ ਰਿਹਾ ਕੋਰੋਨਾ ਜੰਗ ‘ਚ ਸਾਥ ਡਾ. ਬਲਵੰਤ ਸਿੰਘ

## ਵੈਟਰਨ ਉਲੰਪਿਕ ਹਾਕੀ ਖਿਡਾਰੀ ਗੁਨਦੀਪ ਕੁਮਾਰ ਵਲੋਂ 100 ਪੀ.ਪੀ.ਈ. ਕਿੱਟਾ ਅਤੇ ਫਿਕਰ-ਏ-ਹੋਂਦ ਵਲੋਂ ਕਿਓਸਿਕ/ਕੈਨੋਪੀ ਡੋਨੇਟ

**ਜਲੰਧਰ (ਰਾਜੇਸ਼ ਮਿੱਕੀ)** ਕੋਰੋਨਾ ਦੀ ਦੂਜੀ ਲਹਿਰ ਜਿੱਥੇ ਇਸ ਸਮੇਂ ਆਪਣਾ ਕਹਿਰ ਢਾ ਰਹੀ ਹੈ, ਉੱਥੇ ਇਹ ਇਸ ਸੰਕਟ ਦੀ ਘੜੀ ਵਿੱਚ ਲੋਕ ਅੱਗੇ ਆ ਕੇ ਸਮਾਜ ਦੇ ਹਿੱਤ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਦੇ ਰਹੇ ਹਨ। ਸ਼ਨੀਵਾਰ ਨੂੰ ਸਿਵਲ ਸਰਜਨ ਦਫਤਰ ਵਿਖੇ ਵੈਟਰਨ ਓਲੰਪਿਕ ਹਾਕੀ ਖਿਡਾਰੀ ਗੁਨਦੀਪ ਕੁਮਾਰ ਅਤੇ ਉਨ੍ਹਾਂ ਦੇ ਸਪੁੱਤਰ ਜੈਦੀਪ ਕੁਮਾਰ ਅਤੇ ਅਜੈ ਕੁਮਾਰ ਵਲੋਂ 100 ਪੀ.ਪੀ.ਈ. ਕਿੱਟਾਂ ਡੋਨੇਟ ਕੀਤੀਆਂ ਗਈਆਂ ਅਤੇ ਐਨ.ਜੀ.ਓ ਫਿਕਰ-ਏ-ਹੋਂਦ ਵਲੋਂ ਵੀ ਵੱਖ-ਵੱਖ ਥਾਵਾਂ ਉੱਤੇ ਕੰਮ ਕਰ ਰਹੀਆਂ ਮੋਬਾਈਲ ਟੀਮਾਂ ਲਈ ਕਿਓਸਿਕ/ਕੈਨੋਪੀ ਦਿੱਤੀਆਂ ਗਈਆਂ. ਇਸ ਮੌਕੇ ਸਿਵਲ ਸਰਜਨ ਡਾ. ਬਲਵੰਤ ਸਿੰਘ, ਜਿਲ੍ਹਾ ਟੀਕਾਕਰਨ ਅਫਸਰ ਰਾਕੇਸ਼ ਕੁਮਾਰ ਚੋਪੜਾ, ਜਿਲ੍ਹਾ ਸਿਹਤ ਅਫਸਰ ਡਾ. ਅਰੁਣ ਵਰਮਾ, ਐਸ.ਐਮ.ਓ. ਡਾ. ਹਰੀਪਾਲ ਸਿੱਧੂ, ਅੱਖਾ ਦੇ ਰੋਗਾਂ ਦੀ ਮਾਹਿਰ ਡਾ. ਗੁਰਪ੍ਰੀਤ ਕੋਰ ਮੌਜੂਦ ਸਨ।

ਇਸ ਦੌਰਾਨ ਵੈਟਰਨ ਓਲੰਪਿਕ ਹਾਕੀ




ਖਿਡਾਰੀ ਗੁਨਦੀਪ ਕੁਮਾਰ ਨੇ ਦੱਸਿਆ ਕਿ ਜਿੱਥੇ ਅੱਜ ਇਸ ਮਹਾਂਮਾਰੀ ਦੌਰਾਨ ਡਾਕਟਰੀ ਅਤੇ ਪੈਰਾ ਮੈਡੀਕਲ ਸਟਾਫ ਵਲੋਂ ਜੀ-ਜਾਨ ਨਾਲ ਆਪਣੀ ਸੇਵਾਵਾਂ ਦੇ ਕੇ ਸਾਡੇ ਸਮਾਜ ਨੂੰ ਸੁਰੱਖਿਆ ਮੁਹੱਇਆ ਕਰਵਾਈ ਜਾ ਰਹੀ ਹੈ. ਉੱਥੇ ਇਕ ਨਾਗਰਿਕ ਹੋਣ ਦੇ ਨਾਤੇ ਸਾਡੀ ਇਹ ਜਿੰਮੇਵਾਰੀ ਬਣਦੀ ਹੈ ਕਿ ਕੋਰੋਨਾ ਦੀ ਇਸ ਜੰਗ ਵਿੱਚ ਅਸੀਂ ਇਨ੍ਹਾਂ ਕੋਰੋਨਾ ਯੋਧਿਆਂ ਨੂੰ ਸੁਰੱਖਿਆ ਪ੍ਰਦਾਨ ਕਰੀਏ. ਇਸੇ ਲਈ ਇਸ ਕੋਰੋਨਾ ਜੰਗ ਨੂੰ ਜਿੱਤਣ ਵਿੱਚ ਅਸੀਂ ਆਪਣਾ ਯੋਗਦਾਨ ਪਾਉਂਦੇ ਹੋਏ 100 ਪੀ.ਪੀ.ਈ. ਕਿੱਟਾ ਡੋਨੇਟ ਕਰਕੇ ਆਪਣਾ ਫਰਜ ਨਿਭਾਇਆ ਹੈ। ਉਨ੍ਹਾਂ ਕਿਹਾ ਕਿ ਹੋਰ ਵੀ ਜੋ ਲੋਕ ਸਮਰਥ ਹਨ, ਉਨ੍ਹਾਂ ਨੂੰ ਵੀ ਇਸ ਸੰਕਟ ਦੀ ਘੜੀ ਵਿੱਚ ਸਮਾਜ ਦੇ ਹਿੱਤ ਵਿੱਚ ਅੱਗੇ ਆ ਕੇ ਆਪਣਾ ਯੋਗਦਾਨ ਦੇਣਾ ਚਾਹੀਦਾ ਹੈ। ਸਿਵਲ ਸਰਜਨ ਡਾ. ਬਲਵੰਤ ਸਿੰਘ, ਸਹਾਇਕ ਸਿਵਲ ਸਰਜਨ ਡਾ. ਵਰਿੰਦਰ ਕੋਰ ਥਿੰਦ ਅਤੇ




ਜਿਲ੍ਹਾ ਨੋਡਲ ਅਫਸਰ ਡਾ. ਮਾਨਵ ਮਿੱਡਾ ਵਲੋਂ ਵਡਾਲਾ ਚੌਕ, ਮਿਲਕ ਬਾਰ ਚੌਕ ਮਾਡਲ ਟਾਉਨ ਦਾ ਵਿਜਿਟ ਕਰਕੇ ਸ਼ਹਿਰ ਨੂੰ ਕੋਰੋਨਾ ਫ੍ਰੀ ਬਣਾਉਣ ਲਈ ਆਪਣੀਆਂ ਅਣਥੱਕ ਸੇਵਾਵਾਂ ਦੇ ਰਹੀਆਂ ਸੈਂਪਲਿੰਗ ਟੀਮਾਂ ਦੇ ਕੰਮ ਦੀ ਸ਼ਲਾਘਾ ਕਰਦੇ ਹੋਏ ਹੋਸਲਾਫਜਾਈ ਕੀਤੀ ਗਈ। ਸਿਵਲ ਸਰਜਨ ਵਲੋਂ ਵੈਟਰਨ ਓਲੰਪਿਕ ਹਾਕੀ ਖਿਡਾਰੀ ਗੁਨਦੀਪ ਕੁਮਾਰ ਅਤੇ ਫਿਕਰ-ਏ-ਹੋਂਦ ਐਨ.ਜੀ.ਓ. ਦੇ ਸੁਰਿੰਦਰ ਪਾਲ ਸਿੰਘ ਲਾਲੀ ਦਾ ਧੰਨਵਾਦ ਕੀਤਾ ਗਿਆ. ਉਨ੍ਹਾਂ ਦੱਸਿਆ ਕਿ ਕੋਰੋਨਾ ਨਾਲ ਜੰਗ ਨੂੰ ਜਿੱਤਣ ਲਈ ਜਰੂਰੀ ਹੈ ਕਿ ਅਸੀਂ ਸਾਰੇ ਕੋਰੋਨਾ ਨਿਯਮਾਂ ਮਾਸਕ ਪਹਿ-ਨਣਾ, ਹੱਥ ਧੋਣਾ ਅਤੇ ਸਮਾਜਕ ਦੂਰੀ ਨੂੰ ਬਣਾਏ ਰੱਖਣ ਦਾ ਪਾਲਨ ਕਰੀਏ। ਇਨ੍ਹਾਂ ਨਿਯਮਾਂ ਦੀ ਪਾਲਨਾ ਕਰਕੇ ਹੀ ਕੋਰੋਨਾ ਨੂੰ ਹਰਾਇਆ ਜਾ ਸਕਦਾ ਹੈ। ਉਨ੍ਹਾਂ ਵਲੋਂ ਅਪੀਲ ਕੀਤੀ ਗਈ ਕਿ ਕੋਰੋਨਾ ਨਿਯਮਾਂ ਦੀ ਪਾਲਨਾ ਕਰਨ ਦੇ ਨਾਲ-ਨਾਲ ਲੋਕਾਂ ਨੂੰ ਟੀਕਾਕਾਰਨ ਕਰਵਾਉਣਾ ਚਾਹੀਦਾ ਹੈ ਤਾਂ ਜੋ ਸੁਰੱਖਿਅਤ ਅਤੇ ਤੰਦਰੁਸਤ ਸਮਾਜ ਦੀ ਸਿਰਜਨਾ ਕੀਤੀ ਜਾ ਸਕੇ।

# ਪੰਜਾਬ ਦੇ ਸਕੂਲਾਂ 'ਚ ਗਰਮੀਆਂ ਦੀਆਂ ਛੁੱਟੀਆਂ ਦਾ ਐਲਾਨ, ਇਸ ਤਾਰੀਖ ਤੱਕ ਰਹਿਣਗੇ ਬੰਦ

**ਚੰਡੀਗੜ (ਦੀਪਕ ਸ਼ਰਮਾ)** ਪੰਜਾਬ ਸਕੂਲ ਸਿੱਖਿਆ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਅੱਜ ਕਿਹਾ ਕਿ ਸੂਬੇ ਦੇ ਸਰਕਾਰੀ, ਅਰਧ-ਸਰਕਾਰੀ ਅਤੇ ਨਿੱਜੀ ਸਕੂਲਾਂ ਸਮੇਤ ਸਾਰੇ ਸਕੂਲ 24 ਮਈ ਤੋਂ 23 ਜੂਨ ਤੱਕ ਗਰਮੀਆਂ ਦੀਆਂ ਛੁੱਟੀਆਂ ਲਈ ਬੰਦ ਰਹਿਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਕੋਵਿਡ-19 ਮਹਾਮਾਰੀ ਦੇ ਕਾਰਨ ਵਿੱਦਿਅਕ ਸੰਸਥਾਵਾਂ ਵਿਦਿਆਰਥੀਆਂ ਲਈ ਪਹਿਲਾਂ ਹੀ ਬੰਦ ਕਰ ਦਿੱਤੀਆਂ ਗਈਆਂ ਸਨ ਅਤੇ ਹੁਣ ਇਕ ਮਹੀਨੇ ਲਈ ਸਕੂਲ ਅਧਿਆਪਕਾਂ ਅਤੇ ਹੋਰ ਸਟਾਫ ਨੂੰ ਵੀ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਮਹਾਮਾਰੀ ਦੌਰਾਨ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਲਗਾਤਾਰ ਸਾਵਧਾਨੀਆਂ ਵਰਤਣ ਦੇ ਨਾਲ-ਨਾਲ ਲੋੜੀਂਦਾ ਉਪਾਅ ਕਰ ਰਹੀ ਹੈ। ਉਨਾਂ ਕਿਹਾ ਕਿ ਇਸੇ ਤਰਾਂ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਰੂਰੀ ਕਦਮ ਚੁੱਕਣ ਤੋਂ ਇਲਾਵਾ ਉਨਾਂ ਦੀ ਸਰਕਾਰ ਨੇ ਸਕੂਲਾਂ ਵਿਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਖਤ ਮਿਹਨਤ ਕੀਤੀ ਹੈ, ਜੋ ਦਾਖਲਿਆਂ ਵਿਚ ਵਾਧਾ ਅਤੇ ਨਤੀਜਿਆਂ ਵਿਚ ਸੁਧਾਰ ਤੋਂ ਪ੍ਰਤੀਤ ਹੁੰਦਾ ਹੈ। ਵਿਜੈ ਇੰਦਰ ਸਿੰਗਲਾ ਨੇ ਕਿਹਾ ਕੋਵਿਡ ਕਾਰਨ ਪਿਛਲੇ ਸਾਲ ਤੋਂ ਸਕੂਲ ਬੰਦ ਹੋਣ ਤੋਂ ਬਾਅਦ ਸਿੱਖਿਆ ਵਿਭਾਗ ਦੇ ਅਧਿਆਪਕ ਮੋਬਾਇਲ ਐਪਲੀਕੇਸਨਾਂ ਅਤੇ ਟੀ. ਵੀ. ਚੈਨਲਾਂ ਸਮੇਤ ਵੱਖ-ਵੱਖ ਆਨਲਾਈਨ ਮਾਧਿਅਮਾਂ ਦੀ ਮਦਦ ਨਾਲ ਵਿਦਿਆਰਥੀਆਂ ਨੂੰ ਪੜਾ ਰਹੇ ਹਨ।

ਉਨਾਂ ਅੱਗੇ ਕਿਹਾ ਕਿ ਇਸ ਸਾਲ ਵੀ ਅਧਿਆਪਕ ਸਿਲੇਬਸ ਆਨਲਾਈਨ




ਹੀ ਮੁਕੰਮਲ ਕਰਨ ਲਈ ਵਿਦਿਆਰਥੀਆਂ ਦੀ ਹਰ ਸੰਭਵ ਮਦਦ ਕਰ ਰਹੇ ਹਨ। ਕੈਬਨਿਟ ਮੰਤਰੀ ਨੇ ਅਧਿਆਪਕਾਂ ਨੂੰ ਅਪੀਲ ਵੀ ਕੀਤੀ ਕਿ ਉਹ ਛੁੱਟੀਆਂ ਦੌਰਾਨ ਵਿਦਿਆਰਥੀਆਂ ਨਾਲ ਜੁੜੇ ਰਹਿਣ ਅਤੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਕੋਰੋਨਾ ਵਾਇਰਸ ਨੂੰ ਰੋਕਣ ਲਈ ਸੁਰੱਖਿਆ ਪ੍ਰੋਟੋਕਾਲ ਦੀ ਪਾਲਣਾ ਕਰਨ ਬਾਰੇ ਜਾਗਰੂਕ ਕਰਨ।

# ਬਲਬੀਰ ਰਾਜੇਵਾਲ' ਨੇ ਕੋਵਿਡ ਨੂੰ ਲੈ ਕੇ ਕਹੀਆਂ ਵੱਡੀਆਂ ਗੱਲਾਂ, ਸਰਕਾਰ ਨੂੰ ਦਿੱਤੀ ਚਿਤਾਵਨੀ

**ਚੰਡੀਗੜ (ਦੀਪਕ ਸ਼ਰਮਾ)** ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕੋਰੋਨਾ ਮਹਾਮਾਰੀ ਨੂੰ ਲੈ ਕੇ ਸਰਕਾਰ 'ਤੇ ਨਿਸ਼ਾਨੇ ਸਾਧੇ ਹਨ। ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕੋਵਿਡ ਨੂੰ ਲੈ ਕੇ ਸਰਕਾਰ ਵੱਲੋਂ ਵਿਸ਼ਵ ਸਿਹਤ ਸੰਗਠਨ () ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਜੋ ਕਿਸਾਨ ਅੰਦੋਲਨ 'ਚ ਬੈਠੇ ਹਨ, ਉਨਾਂ ਨੇ ਸਾਲਾਂ ਬੱਧੀ ਜੱਥੇਬੰਦੀਆਂ 'ਚ ਕੰਮ ਕੀਤਾ ਹੋਇਆ ਹੈ ਅਤੇ ਉਨਾਂ ਨੇ ਆਪਣੀ ਸਾਰੀ ਉਮਰ ਖੇਤੀ 'ਚ ਹੀ ਲਾ ਦਿੱਤੀ। ਉਨਾਂ ਕਿਹਾ ਕਿ ਕੀ ਅਸੀਂ ਇਹ ਗੱਲ ਚਾਹੁੰਦੇ ਹਾਂ ਕਿ ਅਸੀਂ ਆਪਣੇ ਉਮਰਾਂ ਦੇ ਸਾਥੀਆਂ ਨੂੰ ਕੋਵਿਡ ਕਰਕੇ ਮਾਰ ਦੇਈਏ? ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕੋਵਿਡ ਤੋਂ ਜਿਸ ਤਰਾਂ ਦਾ ਬਚਾਅ ਕਿਸਾਨ ਅੰਦੋਲਨ ਦੌਰਾਨ ਕੀਤਾ ਜਾ ਰਿਹਾ ਹੈ, ਉਸ ਤਰਾਂ ਦੇ ਪ੍ਰਬੰਧ ਪੂਰੇ ਦੇਸ਼ 'ਚ ਕਿਤੇ ਨਹੀਂ ਕੀਤੇ ਗਏ। ਉਨਾਂ ਕਿਹਾ ਕਿ ਉਨਾਂ ਵੱਲੋਂ ਸਰਕਾਰ ਤੋਂ ਮਨਜੂਰੀ ਲੈ ਕੇ 10 ਆਕਸੀਜਨ ਸਿਲੰਡਰ ਰੱਖੇ ਹੋਏ ਹਨ। ਉਨਾਂ ਕਿਹਾ ਕਿ ਅਸੀਂ ਧੱਕੇ ਨਾਲ ਲੱਖਾਂ ਰੁਪਏ ਦਾ ਕਾੜਾ ਅੰਦੋਲਨਕਾਰੀ ਕਿਸਾਨਾਂ ਨੂੰ ਪਿਲਾ ਰਹੇ ਹਾਂ ਅਤੇ ਰੋਜਾਨਾ ਲੱਖਾਂ ਰੁਪਏ ਦੀਆਂ ਦਵਾਈਆਂ ਵੰਡੀਆਂ ਜਾ ਰਹੀਆਂ ਹਨ। ਬਜੁਰਗਾਂ ਨੂੰ ਹਫਤਾਵਾਰ ਵਿਟਾਮਿਨ-ਸੀ ਦਿੱਤਾ ਜਾ ਰਿਹਾ ਹੈ ਅਤੇ ਸਭ ਦਾ ਖਿਆਲ ਰੱਖਿਆ ਜਾ ਰਿਹਾ ਹੈ। ਰਾਜੇਵਾਲ ਨੇ ਕਿਹਾ ਕਿ ਹਰ ਲੰਗਰ 'ਚ ਰੋਜਾਨਾ ਕਾੜਾ ਤਿਆਰ ਕਰਕੇ ਸਭ ਨੂੰ ਆਵਾਜਾਂ ਮਾਰ ਕੇ ਪਿਲਾਇਆ ਜਾਂਦਾ ਹੈ। ਉਨਾਂ ਕਿਹਾ ਕਿ ਇਸ ਦੇ ਉਲਟ ਲੋਕਾਂ ਦੇ ਬਚਾਅ ਦੇ ਸਾਧਨ ਸਰਕਾਰ ਵੱਲੋਂ ਕਿਤੇ ਵੀ ਮੁਹੱਈਆ ਨਹੀਂ ਕਰਵਾਏ ਗਏ। ਉਨਾਂ ਕਿਹਾ ਕਿ ਜੇਕਰ ਸਰਕਾਰ ਨੂੰ ਲੱਗਦਾ ਹੈ ਕਿ ਕੋਵਿਡ ਦੇ ਨਾਂ 'ਤੇ ਕਿਸਾਨ ਅੰਦੋਲਨ ਨੂੰ ਬਦਨਾਮ ਕਰਕੇ ਕਿਸਾਨਾਂ ਨੂੰ ਉੱਥੋਂ ਉਠਾ ਦਿੱਤਾ ਜਾਵੇਗਾ ਤਾਂ ਇਹ ਉਨਾਂ ਦੀ ਗਲਤਫਹਿਮੀ ਹੈ। ਉਨਾਂ ਕਿਹਾ ਕਿ ਸਾਰੀ ਦੁਨੀਆ ਦੀ ਹਮਦਰਦੀ ਇਸ ਅੰਦੋਲਨ ਦੇ ਨਾਲ ਹੈ। ਉਨਾਂ ਕਿਹਾ ਕਿ ਇਹ ਕਿਸਾਨਾਂ ਦਾ ਨਹੀਂ, ਸਗੋਂ ਲੋਕਾਂ ਦਾ ਅੰਦੋਲਨ ਹੈ। ਉਨਾਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਕਿਸਾਨਾਂ ਨੂੰ ਉਠਾਉਣ ਵਰਗੀ ਕੋਈ ਭੁੱਲ ਕੀਤੀ ਜਾਂ ਉਸ ਦੇ ਨਤੀਜੇ ਬਹੁਤ ਮਾੜੇ ਨਿਕਲਣਗੇ। ਰਾਜੇਵਾਲ ਨੇ ਕਿਹਾ ਕਿ ਕੋਵਿਡ ਬੀਮਾਰੀ ਤਾਂ ਹੈ ਅਤੇ ਕੁੱਝ ਦਿਨ ਪਹਿਲਾਂ ਸੋਨੀਪਤ ਪ੍ਰਸ਼ਾਸਨ ਨੇ ਮੀਟਿੰਗ ਬੁਲਾ ਕੇ ਕਿਸਾਨਾਂ ਦੀ ਵੈਕਸੀਨੇਸ਼ਨ ਕਰਨ ਸਬੰਧੀ ਕਿਹਾ ਸੀ ਅਤੇ



ਪ੍ਰਸ਼ਾਸਨ ਨੂੰ ਅੰਦੋਲਨ 'ਚ ਟੀਮਾਂ ਭੇਜਣ ਦਾ ਸੱਦਾ ਦਿੱਤਾ ਗਿਆ ਸੀ। ਉਨਾਂ ਕਿਹਾ ਕਿ ਇੰਨੇ ਦਿਨ ਬੀਤ ਗਏ ਪਰ ਅੱਜ ਤੱਕ ਕੋਈ ਵੀ ਡਾਕਟਰ ਕਿਸੇ ਵੀ ਸਰਹੱਦ 'ਤੇ ਕਿਸਾਨਾਂ ਦੀ ਵੈਕਸੀਨ ਕਰਨ ਨਹੀਂ ਪੁੱਜਿਆ। ਉਨਾਂ ਕਿਹਾ ਕਿ ਸਰਕਾਰ ਕੋਲ ਲੋਕਾਂ ਦੀ ਮਦਦ ਕਰਨ ਦਾ ਕੋਈ ਸਾਧਨ ਨਹੀਂ ਹੈ।

ਰਾਜੇਵਾਲ ਨੇ ਇਸ ਮੌਕੇ ਲੋਕਾਂ ਨੂੰ ਕਿਸਾਨ ਅੰਦੋਲਨ 'ਚ ਆਉਣ ਦੀ ਗੱਲ ਕਹੀ ਅਤੇ ਇਹ ਵੀ ਕਿਹਾ ਕਿ ਉੱਥੇ ਉਨਾਂ ਦਾ ਪੂਰਾ ਖਿਆਲ ਰੱਖਿਆ ਜਾਵੇਗਾ। ਰਾਜੇਵਾਲ ਨੇ ਕਿਹਾ ਕਿ ਉਨਾਂ ਕੋਲ ਕੋਵਿਡ ਖਲਿਾਫ ਲੜਨ ਲਈ ਸਰਕਾਰ ਨਾਲੋਂ ਹਜਾਰ ਗੁਣਾ ਜਿਆਦਾ ਪ੍ਰਬੰਧ ਹਨ। ਉਨਾਂ ਸਰਕਾਰ 'ਤੇ ਨਿਸ਼ਾਨਾ ਵਿੰਨਦਿਆਂ ਕਿਹਾ ਕਿ ਨਿੱਜੀ ਹਸਪਤਾਲਾਂ ਵੱਲੋਂ ਕੋਵਿਡ ਦੇ ਨਾਂ 'ਤੇ ਜੋ ਲੋਕਾਂ ਨਾਲ ਲੁੱਟ ਕੀਤੀ ਜਾ ਰਹੀ ਹੈ, ਸਰਕਾਰ ਕੋਲੋਂ ਇਹ ਵੀ ਨਹੀਂ ਸੰਭਾਲਿਆ ਜਾ ਰਿਹਾ। ਉਨਾਂ ਦੇ ਪੰਜਾਬ ਦੇ ਮੰਤਰੀਆਂ ਨੂੰ ਕਿਹਾ ਕਿ ਉਨਾਂ ਕੋਲ ਕਿਸੇ ਤਰਾਂ ਦੀ ਕੋਈ ਸਹੂਲਤ ਨਹੀਂ ਹੈ। ਉਨਾਂ ਨੇ ਸਰਕਾਰ ਨੂੰ ਵੰਗਾਰਦਿਆਂ ਕਿਹਾ ਹੈ ਕਿ ਲੋਕਾਂ ਨੂੰ ਬੀਮਾਰੀ ਦੇ ਨਾਂ 'ਤੇ ਬੇਵਕੂਫ ਨਾ ਬਣਾਇਆ ਜਾਵੇ। ਉਨਾਂ ਨੇ ਅਖੀਰ 'ਚ ਸਰਕਾਰ ਨੂੰ ਲੋਕਾਂ ਨੂੰ ਮੁਫਤ ਦਵਾਈਆਂ ਵੰਡਣ, ਵੈਕਸੀਨੇਸ਼ਨ ਮੁਫਤ ਕਰਨ ਅਤੇ ਹੋਰ ਸਹੂਲਤਾਂ ਦੇਣ ਦੀ ਗੱਲ ਕਹੀ ਹੈ।

# ਮਹਾਰਾਜਾ ਅਗਰਸੇਨ ਚੈਰੀਟੇਬਲ ਟਰੱਸਟ ਨੇ ਸੈਕਟਰ -20 ਵਿੱਚ ਹੈਲਥਕੇਅਰ ਅਤੇ ਡਾਇਗਨੋਸਟਿਕ ਸੈਂਟਰ ਦੀ ਕੀਤੀ ਸੁਰੂਆਤ

**ਪੰਚਕਲਾ (ਦੀਪਕ ਸ਼ਰਮਾ)** ਮਹਾਰਾਜਾ ਅਗਰਸੇਨ ਚੈਰੀਟੇਬਲ ਟਰੱਸਟ ਦੀ ਤਰਫੋਂ ਸੈਕਟਰ -20 ਵਿੱਚ ਹੈਲਥਕੇਅਰ ਅਤੇ ਡਾਇਗਨੋਸਟਿਕ ਸੈਂਟਰ ਦੀ ਸੁਰੂਆਤ ਕੀਤੀ ਗਈ । ਵਿਧਾਨ ਸਭਾ ਦੇ ਸਪੀਕਰ ਗਿਆਨਚੰਦ ਗੁਪਤਾ ਨੇ ਇਸ ਦਾ ਉਦਘਾਟਨ ਕੀਤਾ । ਟਰੱਸਟ ਦੇ ਮੈਂਬਰਾਂ ਦਾ ਦਾਅਵਾ ਹੈ ਕਿ ਲੋਕ ਮਾਰਕੀਟ ਰੇਟ ਤੋਂ 2 ਤੋਂ 3 ਗੁਣਾ ਘਟ ਰੇਟ ਤੇ ਲੈਬ ਟੈਸਟ ਕਰਵਾ ਪਾਉਣਗੇ । ਇੱਥੇ 405 ਕਿਸਮਾਂ ਦੇ ਟੈਸਟ ਹੋਣਗੇ । ਲੋਕ ਨਵੀਨਤਮ ਮਸੀਨਾਂ ਨਾਲ ਐਮ.ਆਰ.ਆਈ, ਸੀ.ਟੀ ਸਕੈਨ, ਬੋਨ ਡੈਂਸਿਟੀ , ਐਕਸ-ਰੇ, ਅਲਟਰਾਸਾਉਂਡ ਪ੍ਰਾਪਤ ਕਰ ਸਕਣਗੇ । ਦੰਦਾਂ ਅਤੇ ਅੱਖਾਂ ਲਈ ਕੁਰਸੀਆਂ ਵੀ ਇੱਥੇ ਸਥਾਪਤ ਕੀਤੀਆਂ ਜਾ ਰਹੀਆਂ ਹਨ । ਵੱਖ ਵੱਖ ਬਿਮਾਰੀਆਂ ਲਈ ਮਾਹਰ ਡਾਕਟਰ ਤਾਇਨਾਤ ਕੀਤੇ ਗਏ ਹਨ । ਓ.ਪੀ.ਡੀ ਰੋਜਾਨਾ ਸਵੇਰੇ 9 ਵਜੇ ਤੋਂ 1 ਵਜੇ ਤੱਕ ਹੋਵੇਗੀ । ਟੈਸਟ ਸੋਮਵਾਰ ਤੋਂ ਸਨੀਵਾਰ ਤੱਕ ਸਵੇਰੇ 8 ਵਜੇ ਤੋਂ ਸਾਮ 6 ਵਜੇ ਅਤੇ ਐਤਵਾਰ ਨੂੰ ਸਵੇਰੇ 8 ਵਜੇ ਤੋਂ 1 ਵਜੇ ਤੱਕ ਹੋਣਗੇ । ਉੱਤਰ ਭਾਰਤ ਦਾ ਸਭ ਤੋਂ ਵੱਡਾ ਫਿਜੀਓਥੈਰੇਪੀ ਸੈਂਟਰ ਇੱਥੇ ਬਣਾਇਆ ਗਿਆ ਹੈ । 50 ਰੁਪਏ ਵਿਚ ਫਿਜੀਓਥੈਰੇਪੀ ਦੀ ਸਹੂਲਤ ਹੋਵੇਗੀ । ਦੂਜੇ ਹਸਪਤਾਲਾਂ ਵਿਚ ਇਸ ਲਈ 350 ਰੁਪਏ ਵਸੂਲ ਕੀਤੇ ਜਾਂਦੇ ਹਨ । ਇੱਥੇ, ਕਸਰਤ ਲਈ 150 ਰੁਪਏ ਪ੍ਰਤੀ ਘੰਟਾ ਫੀਸ ਲਈ ਜਾਵੇਗੀ ਜਦੋਂ ਕਿ ਨਿਜੀ ਹਸਪਤਾਲਾਂ ਵਿੱਚ ਇਹ 700 ਰੁਪਏ ਹੈ । ਜੁਲਾਈ ਤੋਂ ਐਂਬੂਲੈਂਸ ਦੀ ਸਹੂਲਤ ਵੀ ਸੁਰੂ ਕੀਤੀ ਜਾਏਗੀ । ਘਰਾਂ ਤੋਂ ਨਮੂਨੇ ਚੁੱਕਣ ਦੀ ਸੇਵਾ ਪ੍ਰਦਾਨ ਕੀਤੀ ਜਾਵੇਗੀ । ਇਥੇ ਇਕ ਕੈਮਿਸਟ ਦੁਕਾਨ ਵੀ ਬਣਾਈ ਜਾ ਰਹੀ ਹੈ । ਕੈਮਿਸਟ ਨਾਲ ਹੋਏ ਸਮਝੌਤੇ ਅਨੁਸਾਰ ਹਰ ਦਵਾਈ 'ਤੇ 20 ਪ੍ਰਤੀਸਤ ਛੋਟ ਦੇਣਾ



ਲਾਜਮੀ ਹੈ । ਜੇ ਕੈਮਿਸਟ ਗਲਤ ਦਵਾਈ ਵੇਚਦਾ ਪਾਇਆ ਗਿਆ, ਤਾਂ ਉਸਦਾ ਸਮਝੌਤਾ ਰੱਦ ਕਰ ਦਿੱਤਾ ਜਾਵੇਗਾ । ਟਰੱਸਟ ਦੇ ਪ੍ਰਧਾਨ ਬਾਲਕ੍ਰਿਸਨ ਬੰਸਲ, ਜਨਰਲ ਸਕੱਤਰ ਜਗਮੋਹਨ ਗਰਗ, ਵਿੱਤ ਸਕੱਤਰ ਅਸੋਕ ਜਿੰਦਲ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ । ਇਸ ਮੌਕੇ ਮੇਅਰ ਕੁਲਭੂਸਣ ਗੋਇਲ, ਕੈਲਾਸ ਮਿੱਤਲ ਅਮਿਤ ਜਿੰਦਲ, ਅਜੇ ਗਰਗ, ਬਾਲਕਿਸਨ ਸਿੰਗਲਾ ਕੋਇਲੇਵਾਲਾ, ਦੀਪਕ ਬੰਸਲ, ਜਨਕ ਰਾਜ ਗਰਗ, ਓ.ਪੀ ਗੋਇਲ, ਅਰੁਣ ਸਿੰਘਲ, ਨਿਤਿਨ ਅਗਰਵਾਲ, ਰਾਮ ਗੋਪਾਲ ਗੋਇਲ, ਸੱਜਣ ਜਿੰਦਲ ਅਤੇ ਹੋਰ ਟਰੱਸਟੀ ਹਾਜਰ ਸਨ ।

# ਨਿਸ਼ਕਾਮ ਸਿੱਖ ਕੌਂਸਲ ਵਲੋਂ ਕੋਟਕਪੂਰਾ ਵਿਖੇ ਵੀ ਮੁਫ਼ਤ ਆਕਸੀਜਨ ਕਾਂਸਟ੍ਰੇਟਰ ਸੇਵਾ ਦਾ ਆਰੰਭ

## ਵਿਧਾਇਕ ਅਤੇ ਪਤਵੰਤਿਆਂ ਵੱਲੋਂ ਸੰਸਥਾ ਦੇ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ

**ਕੋਟਕਪੂਰਾ।** 1984 ਤੋਂ ਲਗਾਤਾਰ ਮਨੁੱਖਤਾ ਨੂੰ ਸਮਰਪਿਤ ਸੰਸਥਾ ਨਿਸ਼ਕਾਮ ਸਿੱਖ ਵੈੱਲਫੇਅਰ ਕੌਂਸਲ ਨਵੀਂ ਦਿੱਲੀ ਵੱਲੋਂ ਮਨੁੱਖਤਾਪੱਖੀ ਕਾਰਜ ਨਿਰੰਤਰ ਜਾਰੀ ਹਨ, ਮੌਜੂਦਾ ਸਮੇਂ ਕੋਵਿਡ-19 ਦੇ ਚੱਲਦਿਆਂ ਆਕਸੀਜਨ ਦੀ ਘਾਟ ਕਰਕੇ ਪੇਸ਼ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਿੱਖਾਂਵਾਲਾ ਰੋਡ ਕੋਟਕਪੂਰਾ ਵਿੱਚ ਸਥਿੱਤ ਜ਼ੋਨਲ ਦਫ਼ਤਰ ਵਿਖੇ ਮੁਫ਼ਤ ਆਕਸੀਜਨ ਕਾਂਸਟ੍ਰੇਟਰ ਸੇਵਾ ਦਾ ਸ਼ੁੱਭ ਆਰੰਭ ਭਾਈ ਅਮਰਜੀਤ ਸਿੰਘ ਦੇ ਰਾਗੀ ਜੱਥੇ ਦੇ ਗੁਰਬਾਣੀ-ਕੀਰਤਨ ਅਤੇ ਮਾ. ਜਗਮੋਹਨ ਸਿੰਘ ਵੱਲੋਂ ਅਰਦਾਸ-ਬੇਨਤੀ ਉਪਰੰਤ ਕੀਤਾ ਗਿਆ। ਸੰਸਥਾ ਦੇ ਫਰੀਦਕੋਟ ਤੋਂ ਕੋਆਰਡੀਨੇਟਰ ਹਰਵਿੰਦਰ ਸਿੰਘ ਮਰਵਾਹ ਨੇ ਦੱਸਿਆ ਕਿ ਸੰਸਥਾ ਦੇ ਫਾਉਂਡਰ ਪ੍ਰਧਾਨ ਹਰਭਜਨ ਸਿੰਘ ਦਿੱਲੀ ਅਤੇ ਮੌਜੂਦਾ ਪ੍ਰਧਾਨ ਨਰਿੰਦਰ ਸਿੰਘ ਦਿੱਲੀ ਦੀ ਰਹਿਨੁਮਾਈ ਹੇਠ ਕੌਂਸਲ ਵੱਲੋਂ ਆਕਸੀਜਨ ਦਾ ਲੰਗਰ ਲਾਉਣ ਦਾ ਫੈਸਲਾ ਕੀਤਾ ਗਿਆ, ਜਿਸ ਤਹਿਤ ਕੋਟਕਪੂਰਾ, ਜੈਤੋ, ਅਬੋਹਰ, ਲੁਧਿਆਣਾ ਅਤੇ ਮੁਕਤਸਰ ਸਾਹਿਬ ਵਿੱਚ ਆਕਸੀਜਨ ਕਾਂਸਟ੍ਰੇਟਰ ਦੀ ਸੇਵਾ ਸ਼ੁਰੂ ਕਰ



ਦਿੱਤੀ ਗਈ ਹੈ। ਹਲਕਾ ਵਿਧਾਇਕ ਕੁਲਤਾਰ ਸਿੰਘ ਸੰਧਵਾਂ, ਡਾ. ਅਵੀਨਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ ਚੰਦਬਾਜਾ, ਸ਼ਿਵਜੀਤ ਸਿੰਘ ਸੰਘਾ, ਗੁਰਿੰਦਰ ਸਿੰਘ ਮਹਿੰਦੀਰੱਤਾ ਆਦਿ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਆਸ਼ੇ ਮੁਤਾਬਿਕ ਆਰਥਿਕ ਤੌਰ 'ਤੇ ਪੱਛੜੇ ਲੋਕਾਂ ਦੀ ਜਾਤ, ਨਸਲ, ਭਾਸ਼ਾ ਅਤੇ ਧਰਮ ਦੇ ਵਿਤਕਰੇ ਤੋਂ ਉਪਰ ਉੱਠ ਕੇ ਗਰੀਬਾਂ, ਜਰੂਰਤਮੰਦ ਵਿਦਿਆਰਥੀਆਂ, ਅਨਾਥਾਂ, ਵਿਧਵਾਵਾਂ, ਨਿਰਾਸ਼ਾ 'ਚ ਘਿਰੇ ਹੋਏ ਲੋਕਾਂ ਅਤੇ ਬਜੁਰਗਾਂ ਦੇ ਭਲੇ ਲਈ ਕੰਮ ਕਰਨ ਦੇ ਉਦੇਸ਼ ਨਾਲ ਪਿਛਲੇ 37 ਸਾਲਾਂ ਤੋਂ ਨਿਸ਼ਕਾਮ ਕੌਂਸਲ ਵੱਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਸ਼ਲਾਘਾਯੋਗ ਹਨ। ਸੁਰਜੀਤ ਸਿੰਘ ਘੁਲਿਆਣੀ, ਗੁਰਮੀਤ ਸਿੰਘ ਸੰਧੂ, ਹਰਪ੍ਰੀਤ ਸਿੰਘ ਖਾਲਸਾ, ਨਵਨੀਤ ਸਿੰਘ, ਸੰਤ ਸਿੰਘ, ਗੁਰਵਿੰਦਰ ਸਿੰਘ ਸਿਵੀਆਂ, ਰਜਿੰਦਰ ਸਿੰਘ ਸਰਾਂ, ਸੁਖਵਿੰਦਰ ਸਿੰਘ ਪੱਪੂ, ਉਦੇ ਰੰਦੇਵ, ਹਰਮੰਦਰ ਸਿੰਘ ਮੈਂਗੀ, ਸੁਖਦੇਵ ਸਿੰਘ ਆਦਿ ਨੇ ਕਿਹਾ ਕਿ ਉਕਤ ਕਾਂਸਟ੍ਰੇਟਰ ਆਕਸੀਜਨ ਦੀ ਘਾਟ ਵਾਲੇ ਮਰੀਜਾਂ ਲਈ ਸੰਜੀਵਨੀ ਦਾ ਕੰਮ ਕਰਨਗੇ।

# ਮੁੱਖ ਮੰਤਰੀ ਦੀ ਤਲਖੀ ਤੋਂ ਬਾਅਦ ਇੰਝ ਸ਼ੁਰੂ ਹੋਇਆ ਸੀ ਰੇੜਕਾ, ਕੈਪਟਨ ਨੇ ਹੀ ਮੰਗੇ ਸਨ ਮੰਤਰੀਆਂ ਤੋਂ ਅਸਤੀਫੇ

**ਚੰਡੀਗੜ (ਦੀਪਕ ਸ਼ਰਮਾ)** ਪਿਛਲੇ ਮਹੀਨੇ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਅਤੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਲੋਂ ਦਿੱਤੇ ਅਸਤੀਫਿਆਂ ਦੀਆਂ ਪਰਤਾਂ ਹੁਣ ਖੁੱਲਣ ਲੱਗੀਆਂ ਹਨ। ਮੀਡੀਆ ਵਿਚ ਇਨਾਂ ਅਸਤੀਫਿਆਂ ਦੀ ਖੂਬ ਚਰਚਾ ਹੋਈ ਸੀ ਪਰ ਹੁਣ ਪਤਾ ਲੱਗਾ ਹੈ ਕਿ ਆਪਣੇ ਕੁਝ ਮੰਤਰੀਆਂ ਦੀ ਕਾਰਗੁਜ਼ਾਰੀ ਤੋਂ ਖਫਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੀ ਤਲਖੀ ਨਾਲ ਜਵਾਬਦਾਰੀ ਕਰਦੇ ਹੋਏ ਉਨਾਂ ਤੋਂ ਅਸਤੀਫੇ ਮੰਗ ਲਏ ਸਨ। ਸੂਤਰਾਂ ਮੁਤਾਬਕ ਬਾਅਦ ਦੁਪਹਿਰ 4 ਵਜੇ ਤੋਂ ਬਾਅਦ ਸਿਰਫ 15-20 ਮਿੰਟ ਵਿਚ ਹੀ ਕੈਬਨਿਟ ਬੈਠਕ ਨਿੱਬੜ ਗਈ ਸੀ। ਇਸ ਤੋਂ ਬਾਅਦ ਸੁਨੀਲ ਜਾਖੜ ਅਤੇ ਜਸਟਿਸ (ਰਿਟ-ਾਇਰਡ) ਰਣਜੀਤ ਸਿੰਘ ਅਤੇ ਜਸਟਿਸ (ਰਿਟਾਇਰਡ) ਮਹਿਤਾਬ ਸਿੰਘ ਗਿੱਲ ਆਦਿ ਨੂੰ ਵੀ ਕੈਬਨਿਟ ਮੰਤਰੀਆਂ ਨਾਲ ਬੈਠਕ ਵਿਚ ਬੁਲਾ ਲਿਆ ਗਿਆ, ਤਾਂ ਕਿ ਐਡਵੋਕੇਟ ਜਨਰਲ ਅਤੁਲ ਨੰਦਾ ਸਾਰਿਆਂ ਨੂੰ ਬੇਅਦਬੀ ਅਤੇ ਗੋਲੀਕਾਂਡ ਮਾਮਲਿਆਂ ਦੇ ਸਬੰਧ ਵਿਚ ਬ੍ਰੀਫ ਕਰ ਸਕਣ। ਨੰਦਾ ਕੋਈ ਗੱਲ ਕਰਦੇ ਇਸ ਤੋਂ ਪਹਿਲਾਂ ਹੀ ਗਹਿਮਾਗਹਿਮੀ ਹੋ ਗਈ। ਜਦੋਂ ਜਾਖੜ ਨੇ ਕਿਹਾ ਕਿ ਸਾਰੇ ਇਹ ਮੰਨਦੇ ਹਨ ਕਿ ਗੋਲੀਕਾਂਡ ਮਾਮਲੇ ਵਿਚ ਬਾਦਲਾਂ ਦਾ ਹੱਥ ਹੈ ਤਾਂ ਅਜਿਹੀ ਬੈਠਕ ਵਿਚ ਇਸ ਉੱਪਰ ਕਿਵੇਂ ਚਰਚਾ ਕਰ ਸਕਦੇ ਹਨ, ਜਿਸ ਵਿਚ ਸੁਖਬੀਰ ਬਾਦਲ ਦੇ ਜਾਸੂਸ ਬੈਠੇ ਹੋਣ। ਜਾਸੂਸ ਦਾ ਨਾਮ ਪੁੱਛਿਆ ਗਿਆ ਤਾਂ ਉਨਾਂ ਕਿਹਾ ਕਿ ਉਹ ਉਸ ਦੀ ਗੱਲ ਕਰ ਰਹੇ ਹਨ, ਜਿਨਾਂ ਨੇ ਸੁਖਬੀਰ ਤੋਂ ਡਿਸਟਲਰੀ ਦਾ ਲਾਈਸੈਂਸ ਲਿਆ ਹੈ। ਉਨਾਂ ਦਾ ਇਸ਼ਾਰਾ ਕੈਬਨਿਟ ਮੰਤਰੀ ਰਾਣਾ ਗੁਰਮੀਤ ਸੋਢੀ ਵੱਲ ਸੀ। ਇਸ ਤੋਂ ਬਾਅਦ ਕੈਪਟਨ ਨੇ ਗੱਲ ਨੂੰ ਸੰਭਾਲਿਆ ਅਤੇ ਬੇਹੱਦ ਤਲਖ ਅੰਦਾਜ਼ ਵਿਚ ਪੁੱਛਿਆ ਕਿ ਮੰਤਰੀ ਆਪਣੇ ਵਿਭਾਗਾਂ ਵਿਚ ਕੀ ਕਰ ਰਹੇ ਹਨ। ਕੋਵਿਡ ਕਾਲ ਵਿਚ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਮੰਤਰੀ ਓ. ਪੀ. ਸੋਨੀ, ਸਿਹਤ ਮੰਤਰੀ ਅਤੇ ਫਸਲ ਖਰੀਦ ਵਿਚ ਫੂਡ ਅਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਭੂਮਿਕਾ ਬਿਹਤਰ ਰਹੀ ਹੈ ਪਰ ਬਾਕੀ ਮੰਤਰੀਆਂ ਦਾ ਰੋਲ ਕੀ ਰਿਹਾ। ਕੀ ਕਿਸੇ ਨੇ ਇਨਾਂ ਮੰਤਰੀਆਂ ਦੀ ਕੋਈ ਮਦਦ ਕੀਤੀ ਜਾਂ ਕਦੇ ਪੁੱਛਿਆ ਕਿ ਕੋਈ ਮਦਦ ਚਾਹੀਦੀ ਹੈ। ਕੀ ਮੰਤਰੀ ਹਸਪਤਾਲਾਂ ਜਾਂ ਮੰਡੀਆਂ ਵਿਚ ਗਏ। ਉਨਾਂ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਸੀ ਕਿ ਮੰਤਰੀ ਨਾ ਖੁਦ ਕੰਮ ਕਰਦੇ ਹਨ ਨਾ ਕੰਮ ਕਰਨ ਵਾਲਿਆਂ ਦਾ ਹੌਸਲਾ ਵਧਾਉਂਦੇ ਹਨ । ਸੂਤਰਾਂ ਦੀ ਮੰਨੀਏ ਤਾਂ ਮੁੱਖ ਮੰਤਰੀ ਦਾ ਇਹ ਰੂਪ ਵੇਖ ਕੇ ਸਾਰੇ ਮੰਤਰੀਆਂ ਦੀ ਪ੍ਰੇਸ਼ਾਨੀ ਵਧ ਗਈ ਸੀ। ਇਸ 'ਤੇ ਜਾਖੜ ਨੇ ਮਾਮਲਾ ਸੰਭਾਲਦੇ ਹੋਏ ਕਿਹਾ ਕਿ ਮੁੱਖ ਮੰਤਰੀ ਨੂੰ ਇਸ ਤਰਾਂ ਨਾਰਾਜ਼ਗੀ ਨਹੀਂ ਦਿਖਾਉਣੀ ਚਾਹੀਦੀ ਹੈ। ਮੁੱਖ ਮੰਤਰੀ ਥੋੜਾ ਨਰਮ ਤਾਂ ਪਏ ਪਰ ਫਿਰ ਉਨਾਂ ਨੇ ਕਿਹਾ ਕਿ ਮੰਤਰੀ ਉਨਾਂ ਦੀ ਪਿੱਠ ਪਿੱਛੇ ਉਨਾਂ ਬਾਰੇ ਊਲ-ਜਲੂਲ ਬੋਲਦੇ ਹਨ। ਜੇਕਰ ਹਿੰਮਤ ਹੈ ਤਾਂ ਮੂੰਹ 'ਤੇ ਬੋਲ ਕੇ ਦੱਸਣ, ਨਹੀਂ ਤਾਂ ਸਾਰੇ ਅਸਤੀਫੇ ਦੇ ਦਿਓ, ਮੇਰੇ ਕੋਲ ਵਿਧਾਇਕਾਂ ਦੀ ਲੰਬੀ ਕਤਾਰ ਹੈ, ਜੋ ਮੰਤਰੀ ਬਣਨਾ ਚਾਹੁੰਦੇ ਹਨ। ਜਾਖੜ ਨੇ ਇਸ 'ਤੇ ਵੀ ਖੰਡਨ ਕੀਤਾ ਤਾਂ ਅਮਰਿੰਦਰ ਨੇ ਕਿਹਾ ਕਿ ਤੁਸੀਂ ਇਸ ਵਿਚ ਨਾ ਪਓ, ਉਹ ਮੰਤਰੀਆਂ ਤੋਂ ਪੁੱਛ ਰਹੇ ਹਨ ਪਰ ਮੰਤਰੀਆਂ ਦੀ ਤਾਂ ਘਿੱਗੀ ਬੱਝੀ ਹੋਈ ਸੀ। ਬੈਠਕ ਵਿਚ ਛਾਏ ਸੰਨਾਟੇ ਵਿਚ ਜਾਖੜ ਨੇ ਇਕ ਮੰਤਰੀ ਤੋਂ ਰਾਈਟਿੰਗ ਪੈਡ ਅਤੇ ਪੈਨ ਲੈ ਕੇ ਦੋ ਲਾਈਨਾਂ ਦਾ ਅਸਤੀਫਾ ਸੋਨੀਆ ਗਾਂਧੀ ਦੇ ਨਾਮ ਲਿਖ ਕੇ ਇਹ ਕਹਿੰਦੇ ਹੋਏ ਕੈਪਟਨ ਨੂੰ ਸੌਂਪ ਦਿੱਤਾ ਕਿ ਤੁਹਾਨੂੰ ਟੀਮ 'ਤੇ ਭਰੋਸਾ ਨਹੀਂ ਤਾਂ ਤੁਸੀਂ ਖੁਦ ਹੀ ਮੰਤਰੀ ਹਟਾ ਕੇ ਨਵੇਂ ਮੰਤਰੀ ਆਪਣੀ ਟੀਮ ਵਿਚ ਲੈ ਸਕਦੇ ਹੋ। ਅਮਰਿੰਦਰ ਨੇ ਅਸਤੀਫਾ ਲਿਆ ਅਤੇ ਟੁਕੜੇ-ਟੁਕੜੇ ਕਰ ਦਿੱਤਾ। ਇਸ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ ਕਿ ਰੋਜ਼ਾਨਾ ਹੀ ਵਿਰੋਧੀ ਅਤੇ ਨਵਜੋਤ



ਸਿੱਧੂ ਉਨਾਂ ਨੂੰ ਨਿਸ਼ਾਨਾ ਬਣਾ ਕੇ ਬਿਆਨ ਦਾਗ ਰਹੇ ਹਨ ਪਰ ਕਿਸੇ ਮੰਤਰੀ ਨੇ ਉਨਾਂ ਦੇ ਹੱਕ ਵਿਚ ਕੀ ਕਦੇ ਕੁਝ ਬੋਲਿਆ ਜਾਂ ਸਿੱਧੂ ਨੂੰ ਜਵਾਬ ਦਿੱਤਾ। ਬੱਸ ਸੰਸਦ ਮੈਂਬਰ ਰਵਨੀਤ ਬਿੱਟੂ ਅਤੇ ਦੋ ਮੰਤਰੀਆਂ ਨੇ ਹੀ ਬਿਆਨ ਦਿੱਤਾ ਤਾਂ ਬਾਕੀ ਮੰਤਰੀ ਕੀ ਕਰਦੇ ਹਨ।

ਗੱਲ ਇੱਥੇ ਖਤਮ ਨਹੀਂ ਹੋਈ, ਪੂਰੀ ਤਿਆਰੀ ਨਾਲ ਆਏ ਕੈਪਟਨ ਨੇ ਆਪਣੇ ਸਾਹਮਣੇ ਰੱਖੀ ਫਾਈਲ ਵਿਚੋਂ ਇਕ ਕਾਗਜ਼ ਕੱਢ ਕੇ ਪੜਨਾ ਸ਼ੁਰੂ ਕੀਤਾ। ਦੋ ਲਾਈਨਾਂ ਪੜ ਕੇ ਬੋਲੇ ਕਿ ਮੇਰੇ ਬਾਰੇ ਇਹ ਗੱਲਾਂ ਕੀਤੀਆਂ ਜਾਂਦੀਆਂ ਹਨ। ਬੈਠਕ ਵਿਚ ਜਦੋਂ ਕਿਸੇ ਨੇ ਪੁੱਛ ਲਿਆ ਕਿ ਤੁਹਾਨੂੰ ਕਿਵੇਂ ਪਤਾ ਤਾਂ ਮੁੱਖ ਮੰਤਰੀ ਦਾ ਜਵਾਬ ਸੀ ਕਿ ਇਹ ਅਖਬਾਰ ਵਿਚ ਛਪਿਆ ਹੈ। ਇਸ 'ਤੇ ਸੁਖਜਿੰਦਰ ਰੰਧਾਵਾ ਖੜੇ ਹੋਏ ਅਤੇ ਬੋਲੇ ਕਿ ਇਹ ਉਨਾਂ ਦਾ ਬਿਆਨ ਹੈ। ਰੰਧਾਵਾ ਨੇ ਆਪਣੇ ਖਲਿਾਫ ਖੋਲੇ ਗਏ ਪੁਲਸ ਕੇਸ ਦਾ ਜ਼ਿਕਰ ਕੀਤਾ ਤਾਂ ਮੁੱਖ ਮੰਤਰੀ ਬੋਲੇ ਕਿ ਕੋਈ ਕੇਸ ਨਹੀਂ ਖੋਲਿਆ ਗਿਆ। ਜਦੋਂ ਰੰਧਾਵਾ ਨੇ ਵਾਰ-ਵਾਰ ਕੇਸ ਦੀ ਗੱਲ ਕਹੀ ਤਾਂ ਮੁੱਖ ਮੰਤਰੀ ਨੇ ਡੀ. ਜੀ. ਪੀ. ਤੋਂ ਇਸ ਬਾਰੇ ਪੁੱਛਿਆ। ਡੀ. ਜੀ. ਪੀ. ਦਾ ਜਵਾਬ ਸੀ ਕਿ ਭਗਵਾਨਪੁਰੀਆ ਮਾਮਲੇ ਵਿਚ ਕੁਝ ਜਾਂਚ ਹੋਈ ਸੀ ਪਰ ਕੁਝ ਨਹੀਂ ਨਿਕ-ਲਿਆ। ਇਸ ਤੋਂ ਬਾਅਦ ਰੰਧਾਵਾ ਕੁਝ ਢਿੱਲੇ ਪੈ ਗਏ ਤਾਂ ਜਾਖੜ ਨੇ ਉਨਾਂ ਨੂੰ ਕਿਹਾ ਕਿ ਮੁੱਖ ਮੰਤਰੀ ਉਨਾਂ ਦਾ ਅਸਤੀਫਾ ਮੰਗ ਰਹੇ ਹਨ।

ਸੂਤਰਾਂ ਦੀ ਮੰਨੀਏ ਤਾਂ ਰੰਧਾਵਾ ਨੇ ਅਸਤੀਫਾ ਲਿਖ ਕੇ ਦਿੱਤਾ ਤਾਂ ਅਮਰਿੰ-ਦਰ ਨੇ ਉਸ ਨੂੰ ਮੋੜ ਕੇ ਆਪਣੀ ਜੇਬ ਵਿਚ ਪਾ ਲਿਆ। ਬੱਸ ਗੱਲ ਇੱਥੋਂ ਵਿਗੜ ਗਈ ਕਿ ਜਾਖੜ ਦਾ ਅਸਤੀਫਾ ਤਾਂ ਸਭ ਦੇ ਸਾਹਮਣੇ ਪਾੜ ਦਿੱਤਾ ਗਿਆ ਜਦਕਿ ਰੰਧਾਵਾ ਦਾ ਮੁੱਖ ਮੰਤਰੀ ਨੇ ਸੰਭਾਲ ਕਰੇ ਰੱਖ ਲਿਆ। ਅਗਲੇ ਦਿਨ ਤੋਂ ਹੀ ਰੰਧਾਵਾ ਦੇ ਤੇਵਰ ਹੋਰ ਤਿੱਖੇ ਹੋ ਗਏ ਸਨ, ਜੋ ਬੇਅਦਬੀ ਅਤੇ ਗੋਲੀਕਾਂਡ 'ਤੇ ਨਵਜੋਤ ਸਿੱਧੂ ਧੜੇ ਨਾਲ ਖੜੇ ਹੋ ਗਏ।

**ਬੈਠਕ 'ਚ ਪੂਰੀ ਤਿਆਰੀ ਨਾਲ ਆਏ ਸਨ ਅਮਰਿੰਦਰ**

ਰੰਧਾਵਾ ਦੇ ਅਸਤੀਫੇ ਦੇ ਮਾਮਲੇ ਵਿਚ ਅਚਾਨਕ ਹੀ ਸਭ ਕੁਝ ਨਹੀਂ ਹੋਇਆ ਸੀ, ਸਗੋਂ ਕੈਪਟਨ ਅਮਰਿੰਦਰ ਕੈਬਨਿਟ ਬੈਠਕ ਤੋਂ ਪਹਿਲਾਂ ਹੀ ਪੂਰੀ ਭੂਮਿਕਾ ਤਿਆਰ ਕਰ ਕੇ ਆਏ ਸਨ। ਬਕਾਇਦਾ ਤਿੰਨ ਮੰਤਰੀਆਂ ਓ. ਪੀ. ਸੋਨੀ, ਭਾਰਤ ਭੂਸ਼ਣ ਆਸ਼ੂ ਅਤੇ ਸਿਹਤ ਮੰਤਰੀ ਨੂੰ ਮੁੱਖ ਮੰਤਰੀ ਦਫ਼ਤਰ ਤੋਂ ਫੋਨ ਗਿਆ ਸੀ ਕਿ ਕੈਬਨਿਟ ਵਿਚ ਜ਼ਰੂਰ ਹਾਜ਼ਰ ਰਹਿਣ। ਇਨਾਂ ਤਿੰਨਾਂ ਦੀ ਤਾਰੀਫ ਕਰਕੇ ਹੀ ਬਾਕੀ ਮੰਤਰੀਆਂ ਦੀ ਕਲਾਸ ਮੁੱਖ ਮੰਤਰੀ ਨੇ ਲਗਾਈ। ਨਾਲ ਹੀ ਉਹ ਅਖਬਾਰਾਂ ਦੀ ਕਟਿੰਗ ਵੀ ਲਿਆਏ ਸਨ। ਬੈਠਕ ਵਿਚ ਮੰਤਰੀਆਂ ਨੂੰ ਉਨਾਂ ਨੇ ਆਪਣੇ ਗੁੱਸੇ ਦਾ ਅਹਿਸਾਸ ਕਰਾਉਣ ਵਿਚ ਕੋਈ ਕਸਰ ਨਹੀਂ ਛੱਡੀ ਸੀ।

# ਕਿਸਾਨ ਦੀ ਹੱਤਿਆ ਕਰਕੇ ਖੇਤ ਵਿਚ ਦੱਬ ਦਿਤੀ ਲਾਸ਼

**ਪੰਚਕਲਾ (ਦੀਪਕ ਸ਼ਰਮਾ)** ਨਗਰ ਨਿਗਮ ਦੇ ਵਾਰਡ 20 ਦੇ ਪਿੰਡ ਬੇਹੜ ਵਿੱਚ ਨੌਕਰ ਨੇ ਬੇਰਹਿਮੀ ਨਾਲ ਕਿਸਾਨ ਦਾ ਕਤਲ ਕਰ ਦਿੱਤਾ ਅਤੇ ਲਾਸ ਨੂੰ ਖੇਤ ਵਿੱਚ ਦਫਨਾ ਦਿੱਤਾ । ਘਰ ਦਾ ਨੌਕਰ ਘਟਨਾ ਤੋਂ ਬਾਅਦ ਫਰਾਰ ਹੈ । ਪੁਲਿਸ ਨੇ ਕਤਲ ਦਾ ਕੇਸ ਦਰਜ ਕਰਕੇ ਦੋਸੀ ਦੀ ਭਾਲ ਸੁਰੂ ਕਰ ਦਿੱਤੀ ਹੈ । ਜਾਣਕਾਰੀ ਅਨੁਸਾਰ ਕਿਸਾਨ ਸੁਰੇਸ ਕੁਮਾਰ ਆਪਣੇ ਨੌਕਰ ਛੋਟੂਰਾਮ ਨਾਲ ਸੁੱਕਰਵਾਰ ਸਵੇਰੇ ਘਰ ਦੇ ਨਜਦੀਕ ਪਿੰਡ ਨੇੜੇ ਜਮੀਨ 'ਤੇ ਕੰਮ ਕਰਨ ਲਈ ਆਇਆ ਸੀ । ਦੁਪਹਿਰ ਵੇਲੇ, ਜਦੋਂ ਬਲਦ ਖੇਤ ਤੋਂ ਕੱਲੇ ਘਰ ਆਏ ਤਾਂ ਕਿਸਾਨ ਦਾ ਪੁੱਤਰ ਸੁਨੀਲ ਸਮਝ ਨਹੀਂ ਸਕਿਆ ਕਿ ਬਲਦ ਇਕੱਲੇ ਘਰ ਕਿਉਂ ਆਏ ਹਨ । ਸੁਨੀਲ ਖੇਤ ਗਿਆ ਅਤੇ ਆਪਣੇ ਪਿਤਾ ਦੀ ਭਾਲ ਕੀਤੀ, ਪਰ ਉਹ ਕਿਤੇ ਵੀ ਨਜਰ ਨਹੀਂ ਆਇਆ । ਲੰਬੀ ਪੜਤਾਲ ਤੋਂ ਬਾਅਦ, ਉਸਨੇ ਆਪਣੇ ਪਿਤਾ ਦੇ ਦੋਵੇਂ ਪੈਰ ਜਮੀਨ ਵਿੱਚ ਦੱਬੇ ਵੇਖੇ ਅਤੇ ਇਸ ਤੋਂ ਬਾਅਦ ਉਸਨੇ ਪਿਤਾ ਦੀ ਲਾਸ ਨੂੰ ਜਮੀਨ ਚੋਂ ਕੱਢ ਲੀਤਾ ਅਤੇ ਲਹੂ ਨਾਲ ਭਿੱਜਿਆ ਦੇਖਿਆ ।

ਸਰੀਰ ਤੇਕੱਸੀ ਦੇ ਵਾਰ ਦੇ ਨਿਸਾਨ ਸਨ । ਨੌਕਰ ਛੋਟੂ ਦੀ ਭਾਲ ਕੀਤੀ ਗਈ । ਪਰ ਉਹ ਕਿਤੇ ਵੀ ਨਜਰ ਨਹੀਂ ਆਇਆ । ਜਦੋਂ ਪੁਲਿਸ ਨੂੰ ਇਸ ਮਾਮਲੇ ਬਾਰੇ ਸੂਚਿਤ ਕੀਤਾ ਗਿਆ, ਤਾਂ ਚੰਡੀਮੰਦਿਰ ਥਾਣੇ ਦੇ ਐਸ.ਐਚ.ਓ ਅਰਵਿੰਦ ਕੰਬੋਜ ਟੀਮ ਸਮੇਤ ਮੌਕੇ ਤੇ ਪਹੁੰਚ ਗਏ । ਲਾਸ ਨੂੰ ਪੋਸਟ ਮਾਰਟਮ ਲਈ ਪੰਚਕੁਲਾ ਸੈਕਟਰ -6 ਹਸਪਤਾਲ ਲਿਜਾਇਆ ਗਿਆ । ਐਸ.ਐਚ.ਓ ਅਰਵਿੰਦ ਕੰਬੋਜ ਨੇ ਦੱਸਿਆ ਕਿ ਮੁਲਜਮ ਨੌਕਰ ਪਿੰਡ ਬੇਹੜ ਵਿੱਚ ਕਿਸਾਨ ਦੀ ਹੱਤਿਆ ਕਰਨ ਅਤੇ ਲਾਸ ਨੂੰ ਜਮੀਨ ਵਿੱਚ ਦਬਾਉਣ ਤੋਂ ਬਾਅਦ ਫਰਾਰ ਹੈ । ਦੋਸੀ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਉਸ ਦੀ ਭਾਲ ਜਾਰੀ ਹੈ ।

ਸੁਨੀਲ ਕੁਮਾਰ ਨੇ ਦੱਸਿਆ ਕਿ ਨੌਕਰ ਛੋਟੂ ਪਿਛਲੇ 3 ਸਾਲਾਂ ਤੋਂ ਉਹਨਾਂ ਦੇ ਘਰ ਰਹਿ ਰਿਹਾ ਹੈ । ਘਰੇਲੂ ਖੇਤੀ ਦਾ ਕੰਮ ਕਰਦਾ ਸੀ । ਜਿਹੜਾ ਖੇਤ ਵਿੱਚ ਸੁਰੇਸ ਨਾਲ ਕੰਮ ਕਰਨ ਆਇਆ ਸੀ । ਪਰ ਅਜੇ ਵੀ ਫਰਾਰ ਹੈ । ਇਸ ਮਾਮਲੇ



ਵਿੱਚ ਉਸ ਉੱਤੇ ਕਤਲ ਦਾ ਸੱਕ ਜਤਾਇਆ ਜਾ ਰਿਹਾ ਹੈ । ਪੁਲਿਸ ਸਾਰੇ ਪਹਿਲੂਆਂ ਦੀ ਜਾਂਚ ਕਰ ਰਹੀ ਹੈ ਅਤੇ ਕਤਲ ਦੇ ਕੇਸ ਨੂੰ ਸੁਲਝਾਉਣ ਦੀ ਕੋਸਸਿ ਕਰ ਰਹੀ ਹੈ । ਪੁਲਿਸ ਲਈ ਸਭ ਤੋਂ ਵੱਡੀ ਚੁਣੌਤੀ ਨੌਕਰ ਛੋਟੂ ਨੂੰ ਫੜਨਾ ਹੈ । ਤਾਂ ਹੀ ਕਿਸਾਨ ਸੁਰੇਸ ਦੀ ਮੌਤ ਦਾ ਮਾਮਲਾ ਸਾਹਮਣੇ ਆਵੇਗਾ ।

ਪੁਲਿਸ ਟੀਮਾਂ ਮੁਲਜਮ ਨੂੰ ਫੜਨ ਲਈ ਗਈਆਂ ਹਨ ਅਤੇ ਇਸ ਤੋਂ ਇਲਾਵਾ ਸੀ ਸੀ ਟੀ ਵੀ ਕੈਮਰਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ । ਕਿਉਂਕਿ ਨੌਕਰ ਫਰਾਰ ਹੈ, ਇਸ ਲਈ ਕਿਸਾਨ ਨੂੰ ਮਾਰਨ ਦੀ ਸੂਈ ਉਸ ਉੱਤੇ ਟਿਕੀ ਹੋਈ ਹੈ ਅਤੇ ਉਸ ਦੇ ਫੜੇ ਜਾਣ ਤੋਂ ਬਾਅਦ, ਅਸਲ ਕਾਰਨ ਪਤਾ ਲੱਗ ਜਾਵੇਗਾ ।

# ਇਨਸਾਨੀਅਤ ਦੀ ਸੇਵਾ ਲਈ ਹਮੇਸ਼ਾ ਹੀ ਤਿਆਰ ਰਹਿੰਦਾ ਹੈ ਨਿਰੰਕਾਰੀ ਮਿਸ਼ਨ

## ਸੰਤ ਨਿਰੰਕਾਰੀ ਮਿਸ਼ਨ ਵਲੋਂ ਬ੍ਰਾਂਚ ਹੁਸ਼ਿਆਰਪੁਰ ਵਿੱਚ ਕੋਵਿਡ - 19 ਟੀਕਾਕਰਣ ਕੈਂਪ ਲਗਾਇਆ







**ਹੁਸ਼ਿਆਰਪੁਰ ।** ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਅਪਾਰ ਕ੍ਰਿਪਾ ਨਾਲ ਨਿਰੰਕਾਰੀ ਮਿਸ਼ਨ ਇਨਸਾਨੀਅਤ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿੰਦਾ ਹੈ । ਮਨੁੱਖਤਾ ਦੀ ਸੇਵਾ ਅਤੇ ਲੋਕਾਂ ਨੂੰ ਸੁਵਿਧਾਵਾਂ ਉਪਲੱਬਧ ਕਰਵਾਉਣ ਲਈ ਪੂਰੇ ਦੇਸ਼ ਵਿੱਚ ਸੰਤ ਨਿਰੰਕਾਰੀ ਭਵਨਾਂ ਉੱਤੇ ਕੋਵਿਡ-19 ਟੀਕਾਕਰਣ ਕੈਂਪ ਲਗਾਏ ਜਾ ਰਹੇ ਹਨ । ਇਸ ਲੜੀ'ਚ ਬ੍ਰਾਂਚ ਹੁਸ਼ਿਆਰਪੁਰ ਵਿੱਚ ਵੀ ਇਹ ਕੈਂਪ ਲਗਾਇਆ ਗਿਆ । ਇਸ ਕੈਂਪ ਵਿੱਚ ਡਾ . ਹਰਜਿੰਦਰ ਅਤੇ ਡਾ . ਮਹਿਕ ਨੇ ਟੀਮ ਦੇ ਮੈਬਰਾਂ ਦੇ ਨਾਲ ਆਕੇ ਹੁਸ਼ਿਆਰਪੁਰ ਦੇ ਸ਼ਹਿਰ ਅਤੇ ਆਲੇ-ਦੁਆਲੇ ਦੇ ਪਿੰਡਾਂ ਤੋਂ ਆਏ 18 ਤੋਂ 44 ਸਾਲ ਦੀ ਉਮਰ ਦੇ 390 ਭੈਣ ਭਰਾਵਾਂ ਨੇ ਵੈਕਸ਼ੀਨ ਲਗਵਾਈ। ਇਸ ਦੌਰਾਨ ਹੁਸ਼ਿਆਰਪੁਰ ਬ੍ਰਾਂਚ ਦੇ ਸੇਵਾਦਲ ਸੰਚਾਲਕ ਬਾਲ ਕਿਸ਼ਨ ਮੋਗਿਆ ਨੇ ਦੱਸਿਆ ਕਿ ਜਦੋਂ ਤੋਂ ਕੋਰੋਨਾ ਵਾਇਰਸ ਨੇ ਪੂਰੇ ਸੰਸਾਰ ਵਿੱਚ ਪੈਰ ਪਸਾਰੇ ਹਨ ਉਦੋਂ ਤੋਂ ਹੀ ਦੇਸ਼ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਨਿਰੰਕਾਰੀ ਮਿਸ਼ਨ ਦੇ ਸ਼ਰੱਧਾਲੂਆਂ ਨੇ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਆਦੇਸ਼ਾਂ ਅਤੇ ਨਿਦੇਰਸ਼ਾਂ ਦਾ ਪਾਲਣ ਕਰਦੇ ਹੋਏ ਸਮੇਂ-ਸਮੇਂ 'ਤੇ ਜਰੂਰਤਮੰਦਾਂ ਨੂੰ ਰਾਸ਼ਨ ਪਹੁੰਚਾਉਣ , ਕੋਵਿਡ ਕੇਅਰ ਸੈਂਟਰ ਬਣਾਉਣ , ਆਕਸੀਜਨ ਦੀਆਂ ਮਸ਼ੀਨਾਂ ਦੇਣ ਸਮੇਤ ਨਿਰੰਕਾਰੀ ਮੰਡਲ ਦੀ ਵਲੋਂ ਵੱਖ-ਵੱਖ ਸਰਕਾਰਾਂ ਨੂੰ ਲੱਖਾਂ ਰੁਪਏ ਦਿੱਤੇ ਤਾਂ ਕਿ ਜਰੂਰਤਮੰਦਾਂ ਦੀ ਮਦਦ ਕੀਤੀ ਜਾ ਸਕੇ । ਨਿਰੰਕਾਰੀ ਮਿਸ਼ਨ ਵਲੋਂ ਦਿੱਲੀ ਵਿੱਚ ਵੀ 1000 ਬੈਡ ਕੋਵਿਡ ਕੇਅਰ ਸੈਂਟਰ ਸਮੇਤ ਹੋਰ ਥਾਵਾਂ 'ਤੇ ਕੇਅਰ ਸੈਂਟਰ ਬਣਾ ਕੇ ਮਨੁੱਖਤਾ ਦੀ ਸੇਵਾ ਕਰਕੇ ਸਰਕਾਰ ਦਾ ਸਹਿਯੋਗ ਕੀਤਾ ਜਾ ਰਿਹਾ ਹੈ। ਟੀਕਾਕਰਣ ਦੇ ਸਮੇਂ ਸਮਾਜਿਕ ਦੂਰੀ , ਸੈਨਿਟਾਇਜਰ ਅਤੇ ਮਾਸਕ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ । ਸਿਹਤ ਵਿਭਾਗ ਤੋਂ ਆਈ ਮੈਡੀਕਲ ਟੀਮ ਨੇ ਵੀ ਸੰਤ ਨਿਰੰਕਾਰੀ ਮਿਸ਼ਨ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦੇ ਹੋਏ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ।




**ਸਿਹਤ ਵਿਭਾਗ ਦੀ ਟੀਮ ਦੇ ਮੈਬਰਾਂ ਦੇ ਨਾਲ ਨਿਰੰਕਾਰੀ ਮਿਸ਼ਨ ਦੇ ਪ੍ਰਬੰਧਕ ਅਤੇ ਟੀਕਾਕਰਣ ਕਰਵਾਉਂਦੇ ਹੋਏ ਲੋਕ , ਰਜਿਟਰੇਸ਼ਨ ਕਰਵਾਉਦੀਂ ਹੋਈ ਮਹਿਲਾਵਾਂ ਅਤੇ ਹੋਰ ਤਸਵੀਰਾਂ ।**